
ਨਵੀਂ ਰੁੱਤ
(ਕਹਾਣੀਆਂ)
ਨਵਤੇਜ ਸਿੰਘ



# ਨਵੀਂ ਰੁੱਤ

ਨਵਤੇਜ ਸਿੰਘ

# ਸੂਚੀ


❖ ਜਲ੍ਹਿਆਂਵਾਲਾ ਜਾਗ ਪਿਆ 7

❖ ਦੇਸ ਵਾਪਸੀ 13

❖ ਸੁਨੇਹਾ 28

❖ ਬਾਸਮਤੀ ਦੀ ਮਹਿਕ 34

❖ ਬਸ਼ੀਰਾ 44

❖ ਭੋਲੂ ਦੀ ਚਿੱਠੀ 49

❖ ਮੈਨੂੰ ਮਨੁੱਖਾਂ ਵਿਚ ਸ਼ਾਮਲ ਕਰ ਲਓ 54

❖ ਮੇਰਾ ਹਬੀਬ 64

❖ ਭੈਣ ਦੀ ਮਹਿਕ 71

❖ ਮੁੰਡੂ ਤੇ ਟਾਮੀ 78

# ਜਲ੍ਹਿਆਂਵਾਲਾ ਜਾਗ ਪਿਆ

ਜਿਸ ਰੋਜ਼ਾਨਾ ਅਖ਼ਬਾਰ ਵਿਚ ਮੈਂ ਰਿਪੋਰਟਰ ਦਾ ਕੰਮ ਕਰਦਾ ਹਾਂ, ਉਹਦਾ 'ਆਜ਼ਾਦੀ ਨੰਬਰ' ਬੜੀ ਸਜ ਧਜ ਨਾਲ ਨਿਕਲ ਰਿਹਾ ਸੀ। ਆਜ਼ਾਦੀ ਬਾਰੇ ਲੇਖ ਤੇ ਬਿਆਨ ਛਪਣ ਲਈ ਆ ਰਹੇ ਸਨ, ਆਜ਼ਾਦੀ ਦੀਆਂ ਤਸਵੀਰਾਂ ਦੇ ਬਲਾਕ ਬਣ ਰਹੇ ਸਨ, ਤੇ ਧੜਾ ਧੜ ਇਸ਼ਤਿਹਾਰ ਬੁੱਕ ਹੋ ਰਹੇ ਸਨ।

ਸਾਡੇ ਇਸ਼ਤਿਹਾਰ ਮੈਨੇਜਰ ਨੂੰ ਮਾਲਕ ਨੇ ਕਿਹਾ ਸੀ, "ਹਰ ਵਰ੍ਹੇ ਆਜ਼ਾਦੀ ਦਿਨ ਅਖ਼ਬਾਰਾਂ ਲਈ ਇਸ਼ਤਿਹਾਰਾਂ ਦੀ ਤੀਣੀ ਚੌਣੀ ਆਮਦਨ ਦਾ ਢੋਆ ਲੈ ਕੇ ਔਂਦਾ ਏ!"

ਇਸ਼ਤਿਹਾਰ ਆ ਰਹੇ ਸਨ ਜਿਨ੍ਹਾਂ ਵਿਚ ਬਿਸਕੁਟ, ਕ੍ਰਿਕਟ ਬੈਟ ਤੇ ਬੰਦੂਕ, ਮਾਰਵਾੜੀ ਸੀਮਾ ਕੰਪਨੀ, ਬਰਤਾਨਵੀ ਬੈਂਕ, ਤੇ ਅਮਰੀਕਨ ਕੋਕਾ ਕੋਲਾ··· ਗੱਲ ਕੀ ਹਰ ਚੀਜ਼ ਦਾ ਸਾਡੇ ਦੇਸ਼ ਦੀ ਆਜ਼ਾਦੀ ਨਾਲ ਨਹੁੰ-ਮਾਸ ਦਾ ਰਿਸ਼ਤਾ ਖੋਲ੍ਹ ਕੇ ਦੱਸਿਆ ਗਿਆ ਸੀ।

ਸ਼ੈਦ ਸਾਨੂੰ ਆਜ਼ਾਦ ਕਰ ਕੇ ਆਪਣੇ ਘਰ ਚਲੇ ਜਾਣ ਵਾਲਿਆਂ ਦੀ ਸਜਰੀ ਪੈੜ ਦਾ ਰੇਤਾ ਹਿੱਕ ਨੂੰ ਲਾਣ ਦਾ ਯਤਨ ਸੀ, ਤਕਰੀਬਨ ਹਰ ਲੇਖ, ਬਿਆਨ ਤੇ ਇਸ਼ਤਿਹਾਰ ਅੰਗ੍ਰੇਜ਼ੀ ਵਿਚ ਸੀ।

ਤਰਜਮਾ ਕਰਨ ਵਾਲੇ ਸਟਾਫ਼ ਦੇ ਵਿਤੋਂ ਕੰਮ ਕਿਤੇ ਵਧ ਜਾਣ ਕਰਕੇ ਸਾਨੂੰ ਰਿਪੋਰਟਰਾਂ ਨੂੰ ਵੀ ਇਸੇ ਕੰਮ ਉਤੇ ਨੂੜ ਦਿੱਤਾ ਗਿਆ ਸੀ। ਨਾਲੇ ਤੇ ਅੱਗੇ ਵੀ ਸਾਨੂੰ ਦਫ਼ਤਰ ਵਿਚ ਬਹਿ ਕੇ ਹੀ ਲਿਖਣੀਆਂ ਪੈਂਦੀਆਂ ਸਨ। ਜੋ ਅੱਖਾਂ ਨਾਲ ਵੇਖੀਦਾ ਹੈ, ਓਹੀ ਤੇ ਸਿੱਧਾ ਸਪਾਟ ਨਹੀਂ ਨਾ ਲਿਖ ਦੇਈਦਾ! ਸਭ ਕੁਝ ਇਹ ਸੋਚ ਵਿਚਾਰ ਕੇ ਲਿਖੀਦਾ ਹੈ ਕਿ ਸਾਡੀ ਅਖ਼ਬਾਰ ਦੇ ਡਾਇਰੈਕਟਰ ਇਹਨੂੰ ਕਿਸ ਤਰ੍ਹਾਂ ਪੇਸ਼ ਕਰਨਾ ਚਾਹੁਣਗੇ।

ਸੋ ਏਨੇ ਦਿਨ ਆਜ਼ਾਦੀ··· ਆਜ਼ਾਦੀ··· ਦਫ਼ਤਰ ਦੇ ਕਲਾਕ ਵਾਂਗ ਸਾਡੇ ਦਿਮਾਗ ਵਿਚ ਟਿਕ ਟਿਕ ਹੁੰਦੀ ਰਹੀ ਸੀ, ਤੇ ਆਜ਼ਾਦੀ··· ਆਜ਼ਾਦੀ··· ਸਾਡੀ

ਕਲਮ ਦੀ ਸਿਆਹੀ ਵਗਦੀ ਰਹੀ ਸੀ। 'ਆਜ਼ਾਦੀ ਨੰਬਰ' ਦੀ ਇਹ ਗਾਹੜ ਮੁੱਕਦਿਆਂ ਸਾਰ ਹੀ ਮੇਰੀ ਨੌਕਰੀ ਫੇਰ ਮੈਨੂੰ ਅਜਿਹੇ ਥਾਂ 'ਤੇ ਲੈ ਗਈ ਜਿੱਥੇ ਹਰ ਚੌਥਾ ਲਫ਼ਜ਼ ਜਿਹੜਾ ਮੇਰੇ ਕੰਨੀਂ ਪੈਂਦਾ ਉਹ 'ਆਜ਼ਾਦੀ' ਸੀ।

ਜਲ੍ਹਿਆਂਵਾਲੇ ਬਾਗ਼ ਵਿਚ ਆਜ਼ਾਦੀ ਦਿਨ ਮਨਾਇਆ ਜਾ ਰਿਹਾ ਸੀ, ਤੇ ਮੈਂ ਇਸ ਜਲਸੇ ਦੀ ਰਿਪੋਰਟ ਲਿਖਣੀ ਸੀ।

ਬੜੇ ਉੱਘੇ ਕੌਮੀ ਨੇਤਾ ਸਟੇਜ ਉੱਤੇ ਸਜੇ ਹੋਏ ਸਨ। ਝੰਡੇ ਝੰਡੀਆਂ ਨੇ ਉਨ੍ਹਾਂ ਦੇ ਸਿਰਾਂ ਉੱਤੇ ਜਿਵੇਂ ਇਕ ਸਾਇਬਾਨ ਤਣ ਦਿੱਤਾ ਸੀ। ਕੌਮੀ ਨੇਤਾ ਵਾਰੀ ਵਾਰੀ ਬੋਲ ਰਹੇ ਸਨ – ਤੇ ਜਿਸ ਤਰ੍ਹਾਂ ਸਾਡੇ 'ਆਜ਼ਾਦੀ ਨੰਬਰ' ਦੇ ਹਰ ਇਸ਼ਤਿਹਾਰ ਵਿਚ ਆਜ਼ਾਦੀ ਦਾ ਸਬੰਧ ਇਸ਼ਤਿਹਾਰ ਦੇਣ ਵਾਲੀ ਫ਼ਰਮ ਦੇ ਮਾਲ – ਭਾਵੇਂ ਕ੍ਰਿਕਟ ਬੈਟ ਜਾਂ ਬੰਦੂਕ, ਭਾਵੇਂ ਬਰਤਾਨਵੀ ਬੈਂਕ ਜਾਂ ਅਮਰੀਕਨ ਕੋਕਾ ਕੋਲਾ ਨਾਲ ਖੋਲ੍ਹ ਕੇ ਦੱਸਿਆ ਗਿਆ ਸੀ, ਉਸੇ ਤਰ੍ਹਾਂ ਹੀ ਇੱਥੇ ਸਾਰੇ ਨੇਤਾ ਵਾਰੀ ਵਾਰੀ ਆਪਣੀ ਪਾਰਟੀ ਨਾਲ ਆਜ਼ਾਦੀ ਦਾ, ਤੇ ਆਜ਼ਾਦੀ ਨਾਲ ਆਪਣੀ ਪਾਰਟੀ ਦੇ ਸਬੰਧ ਖੋਲ੍ਹ ਕੇ ਸਮਝਾਅ ਰਹੇ ਸਨ – ਇਕ ਬੀਜ ਸੀ ਤੇ ਦੂਜਾ ਬੂਟਾ, ਤੇ 'ਅਹਿੰਸਾ' ਇਸ ਬੂਟੇ ਲਈ ਜਿਵੇਂ ਖਾਦ ਸੀ। ਤੇ ਭਾਸ਼ਣ ਜਾਰੀ ਸਨ… ਆਜ਼ਾਦੀ… ਸਾਡੀ ਪਾਰਟੀ… ਆਜ਼ਾਦੀ।

ਏਸ ਖੁੱਲ੍ਹੇ ਬਾਗ਼ ਵਿਚ ਵੀ ਦਫ਼ਤਰ ਦੇ ਕਲਾਕ ਵਰਗੀ ਟਿਕ ਟਿਕ ਲਗਾਤਾਰ ਨਿੱਕੀਆਂ ਨਿੱਕੀਆਂ ਹਥੌੜੀਆਂ ਵਾਂਗ ਮੇਰੇ ਦਿਮਾਗ ਵਿਚ ਵੱਜਣ ਪਈ। ਕੁਝ ਏਨੇ ਦਿਨਾਂ ਦੀ ਥਕਾਵਟ ਸੀ ਤੇ ਕੁਝ ਇਹ ਅਕਾਵੀਂ ਟਿਕ ਟਿਕ, ਮੈਨੂੰ ਊਂਘ ਜਿਹੀ ਔਂਦੀ ਜਾਪੀ। ਊਂਘ ਹਟਾਣ ਲਈ ਮੈਂ ਆਪਣੀ ਕਾਪੀ ਉੱਤੇ ਰਿਪੋਰਟ ਦਾ ਹੈੱਡਿੰਗ ਲਿਖਣਾ ਸ਼ੁਰੂ ਕੀਤਾ,

"ਆਜ਼ਾਦੀ ਦੇ ਤੀਰਥ… ਆਜ਼ਾਦੀ ਦਿਨ ਦਾ ਜਲਸਾ"

ਫੇਰ ਮੈਂ ਸੋਚਿਆ 'ਤੀਰਥ' ਤੇ 'ਜਲਸਾ' ਦੋਵਾਂ ਨਾਲ ਇਕ ਇਕ ਵਿਸ਼ੇਸ਼ਣ ਜੋੜ ਦਿੱਤਾ ਜਾਏ 'ਪਵਿੱਤਰ ਤੀਰਥ' – 'ਮਹਾਨ ਜਲਸਾ'।

ਸਾਡੀ ਪਾਰਟੀ··· ਆਜ਼ਾਦੀ··· ਨੇਤਾ ਬੋਲੀ ਜਾ ਰਹੇ ਸਨ। ਅਹਿੰਸਾ··· ਆਦਮ-ਤਸ਼ੱਦਦ··· ਲਾਊਡ ਸਪੀਕਰ ਗੂੰਜ ਰਹੇ ਸਨ।

ਤੇ ਨੀਂਦਰ ਨੇ ਮੈਨੂੰ ਆਪਣੇ ਵੱਸ ਕਰ ਲਿਆ···

ਜਲ੍ਹਿਆਂਵਾਲਾ ਬਾਗ਼ ਹੀ ਸੀ ਇਹ! ਪਰ ਅਛੋਪਲੇ ਹੀ ਸਰੋਤੇ ਤੇ ਬੁਲਾਰੇ ਦੋਵੇਂ ਬਦਲ ਗਏ ਸਨ। ਝੰਡੇ ਝੰਡੀਆਂ ਦਾ ਸਾਇਬਾਨ ਅਲੋਪ ਹੋ ਗਿਆ ਸੀ, ਤੇ ਅਲੋਪ ਉਹ ਅਕਾਵੀਂ ਟਿਕ ਟਿਕ, ਅਲੋਪ ਉਹ ਉਜਲੀਆਂ ਖੁੰਭ-ਚੜ੍ਹੀਆਂ ਪੁਸ਼ਾਕਾਂ। ਹੁਣ ਸਭਨਾਂ ਦੀਆਂ ਪੁਸ਼ਾਕਾਂ ਉੱਤੇ ਲਹੂ ਦੇ ਡਬ ਸਨ। ਇਕ ਕੁੜੀ ਉੱਠ ਕੇ ਖੜੋ ਗਈ, ਮਿੱਠੇ ਸੋਲ੍ਹਾਂ ਕੁ ਵਰ੍ਹਿਆਂ ਦੀ ਕੁੜੀ, "ਜਲ੍ਹਿਆਂਵਾਲੇ ਬਾਗ਼, ਮੈਂ ਤੇ ਮੇਰੇ ਪੰਜ ਸਾਥੀ ਕੂਚ-ਬਿਹਾਰ ਤੋਂ ਚਲ ਕੇ ਤੇਰੇ ਕੋਲ ਆਏ ਹਾਂ। ਮੇਰੇ ਨਾਲ ਸੁਰੇਸ਼ ਏ – ਸੱਤਾਂ ਵਰ੍ਹਿਆਂ ਦੀ ਕਬੀਤਾ ਏ, ਤੇ ਮੇਰਾ ਹਮਉਮਰ ਸਤੀਸ਼ – ਤੇ ਸਾਥੋਂ ਰਤਾ ਕੁ ਵੱਡੇ ਬਾਦਲ ਤੇ ਮਹਾਂਬੀਰ। ਜਿਸ ਮਹੀਨੇ ਡਾਇਰ ਨੇ ਤੇਰੀ ਹਿੱਕ ਉੱਤੇ ਗੋਲੀਆਂ ਚਲਾਈਆਂ ਸਨ, ਬੱਤੀ ਵਰ੍ਹਿਆਂ ਬਾਅਦ ਓਸੇ ਵਿਸਾਖ ਦੇ ਮਹੀਨੇ ਸਾਨੂੰ ਛਿਆਂ ਨੂੰ ਗੋਲੀ ਮਾਰੀ ਗਈ। ਅਸੀਂ ਭੁੱਖੇ ਸਾਂ, ਸਾਡੇ ਭੈਣ ਭਰਾ ਤੇ ਮਾਂ ਪਿਓ ਭੁੱਖੇ ਸਨ। ਤੇ ਅਸਾਂ ਸਭਨਾਂ ਰਲ ਕੇ ਆਪਣੀ ਸਰਕਾਰ ਕੋਲੋਂ ਰੋਟੀ ਮੰਗੀ – ਤੇ ਉਨ੍ਹਾਂ ਸਾਡੇ ਉੱਤੇ ਗੋਲੀ ਚਲਾਅ ਦਿੱਤੀ···"

ਇਕ ਮਾਂ ਉੱਠੀ, ਚਾਂਦੀ ਚਿੱਟੇ ਕੇਸਾਂ ਵਾਲੀ ਮਾਂ, "ਮੈਂ ਮਾਂ ਹਾਂ, ਮੇਰੀਆਂ ਅਣਗਿਣਤ ਧੀਆਂ ਨੇ। ਹਿੰਦੁਸਤਾਨ ਦੇ ਅਨੇਕਾਂ ਪਿੰਡਾਂ ਤੇ ਨਗਰਾਂ ਵਿਚ, ਸਭਨੀਂ ਥਾਈਂ ਮੇਰੀਆਂ ਹੀ ਧੀਆਂ ਵਸਦੀਆਂ ਨੇ। ਜਲ੍ਹਿਆਂਵਾਲੇ ਬਾਗ਼, ਇਨ੍ਹਾਂ ਪਿੰਡਾਂ ਵਿਚ ਅੱਜ ਦੇ ਡਾਇਰਾਂ ਨੇ ਮੇਰੀਆਂ ਧੀਆਂ ਨੂੰ ਆਪਣੇ ਪਿਓਵਾਂ ਤੇ ਆਪਣੇ ਭਰਾਵਾਂ ਨਾਲ ਜਬਰੀ ਨੰਗਿਆਂ ਲਿਟਾਇਆ ਹੈ। ਉਨ੍ਹਾਂ ਦੀਆਂ ਸੁਥਣਾਂ ਵਿਚ ਜੋਕਾਂ ਤੇ ਪੀਸੀਆਂ ਹੋਈਆਂ ਮਰਚਾਂ ਤੁੰਨੀਆਂ ਨੇ। ਉਨ੍ਹਾਂ ਨੂੰ ਅਲਫ਼ ਨੰਗੀਆਂ ਕਰ ਕੇ ਪੁਲਿਸ ਤੇ ਫ਼ੌਜ ਦੀ ਐਸ਼ ਦਾ ਸਮਾਨ ਬਣਾਇਆ ਏ···"

ਤੇ ਏਸ ਮਾਂ ਮਗਰੋਂ ਕਈ ਨਿਆਣੇ, ਮਨੁੱਖੀ ਬੋਟ ਜਹੇ, ਅੱਗੇ ਆਏ। ਦੀਆਂ ਮਾਂਵਾਂ ਦੇ ਥਣ ਸੁੱਕ ਗਏ ਸਨ, ਤੇ ਇਹ ਬੋਟ ਵਿਲਕ ਵਿਲਕ ਕੇ ਮਰ ਗਏ ਸਨ। ਤਿੰਨ ਤਿੰਨ ਚਾਰ ਚਾਰ ਮਹੀਨਿਆਂ ਦੇ ਬਾਲ, ਸੁੱਕੀਆਂ ਹੱਡੀਆਂ ਪਰ ਫੁੱਲੇ

ਢਿੱਡ··· ਤੇ ਉਹ ਬੋਲ ਨਹੀਂ ਸਨ ਸਕਦੇ, ਹੌਲੀ ਹੌਲੀ, ਲਗਾਤਾਰ ਰੋਈ ਜਾ ਰਹੇ ਸਨ। ਉਹ ਮਾਂਵਾਂ ਦੇ ਥਣ ਟਟੋਲਦੇ ਸਨ, ਮਾਂਵਾਂ ਦੀਆਂ ਬਾਹਵਾਂ ਲੱਭਦੇ ਸਨ। ਪਰ ਥਣ ਕਿਸੇ ਰਾਕਸ਼ ਨੇ ਸੁਕਾਅ ਦਿੱਤੇ ਸਨ, ਤੇ ਮਾਂਵਾਂ ਠੇਕੇਦਾਰਾਂ ਨੂੰ ਰੋੜੀ ਕੁੱਟਣ ਲਈ ਸੌਂਪ ਦਿੱਤੀਆਂ ਗਈਆਂ ਸਨ··· ਸੋ ਇਹ ਨਿਆਣੇ ਰੋਈ ਜਾ ਰਹੇ ਸਨ, ਹੌਲੀ ਹੌਲੀ, ਲਗਾਤਾਰ ਤੇ ਪਤਾ ਨਹੀ ਜਲ੍ਹਿਆਂਵਾਲੇ ਬਾਗ਼ ਵਿਚ ਕਿਵੇਂ ਪੁੱਜ ਗਏ ਸਨ···

ਇਕ ਪੰਜਾਬੀ ਗੱਭਰੂ ਉਠਿਆ, "ਮੈਂ ਪ੍ਰੇਮ ਸਿੰਘ ਸਰਾਭਾ ਹਾਂ – ਓਸ ਕਰਤਾਰ ਸਿੰਘ ਸਰਾਭਾ ਦਾ ਗਰਾਈਂ ਜਿਸ ਨੂੰ ਅੰਗ੍ਰੇਜ਼ ਹਾਕਮਾਂ ਨੇ ਬਗਾਵਤ ਦੇ ਦੋਸ਼ ਵਿਚ ਫਾਹੇ ਲਾ ਦਿੱਤਾ ਸੀ। ਅਸਾਂ ਕਰਤਾਰ ਸਿੰਘ ਸਰਾਭੇ ਦੀ 'ਵਾਜ ਉਹਦੀ ਮੌਤ ਨਾਲ ਹੀ ਚੁੱਪ ਨਹੀਂ ਹੋ ਜਾਣ ਦਿੱਤੀ, ਅਸੀਂ ਉਹਦੀ 'ਵਾਜ ਨਾਨਕ, ਹੀਰ ਤੇ ਭਗਤ ਸਿੰਘ ਦੀ ਜੰਮਣ-ਭੌਂ ਦੀ ਨੁੱਕਰ ਨੁੱਕਰ ਤੱਕ ਪੁਚਾਣ ਲਈ ਆਪਣੀ ਪੂਰੀ ਵਾਹ ਲਾਈ ਏ, ਏਸ ਲਈ ਅੱਜ ਦੇ ਹਾਕਮਾਂ ਨੇ ਮੈਨੂੰ ਤੇ ਮੇਰੇ ਅਨੇਕਾਂ ਸਾਥੀਆਂ ਨੂੰ ਜੇਲ੍ਹ ਵਿਚ ਡਕ ਦਿੱਤਾ, ਸਾਡੇ ਉੱਤੇ ਅਣ-ਮਨੁੱਖੀ ਜ਼ੁਲਮ ਕੀਤੇ। ਅਸੀਂ ਜ਼ੁਲਮ ਦੇ ਖਿਲਾਫ਼ ਭੁੱਖ ਹੜਤਾਲਾਂ ਕੀਤੀਆਂ, ਮਹੀਨਿਆਂ ਬੱਧੀ ਭੁੱਖ-ਹੜਤਾਲਾਂ, ਤੇ ਇਕ ਭੁੱਖ-ਹੜਤਾਲ ਵਿਚ ਉਨ੍ਹਾਂ ਤਸੀਹੇ ਦੇ ਦੇ ਮੈਨੂੰ ਪਾਰ ਬੁਲਾਅ ਦਿੱਤਾ। ਪਰ ਜਲ੍ਹਿਆਂਵਾਲੇ ਬਾਗ਼, ਤੂੰ ਚੰਗੀ ਤਰ੍ਹਾਂ ਜਾਣਦਾ ਏਂ ਕਿ ਜਿੱਥੇ ਇਕ ਸ਼ਹੀਦ ਡਿਗਦਾ ਏ ਓਥੋਂ ਤੀਹ ਨਹੀਂ, ਤਿੰਨ ਸੌ, ਤਿੰਨ ਹਜ਼ਾਰ ਹੋਰ ਉੱਠਦੇ ਨੇ, ਤੇ ਜਿਵੇਂ ਤੇਰੀ ਹਿੱਕ ਛਾਨਣੀ ਕਰਨ ਵਾਲੇ ਡਾਇਰਾਂ ਦੇ ਦਿਨ ਪੁਗ ਗਏ, ਤਿਵੇਂ···"

ਤੇ ਉਹਦੇ ਮਗਰੋਂ ਇਕ ਮਜ਼ਦੂਰ ਉਠਿਆ, ਜਿਹੜਾ ਪ੍ਰਦੇਸਾਂ ਤੋਂ ਸਮੁੰਦਰ ਚੀਰ ਕੇ ਇੱਥੇ ਪੁੱਜਾ ਸੀ, "ਮੈਂ ਆਪਣੀ ਉਮਰ ਦਾ ਬਹੁਤਾ ਹਿੱਸਾ ਮਲਾਇਆ ਦੇ ਜੰਗਲਾਂ ਵਿਚ ਅੰਗਰੇਜ਼ ਮਾਲਕਾਂ ਲਈ ਰਬੜ ਪੈਦਾ ਕਰਦਾ ਰਿਹਾ ਹਾਂ। ਓਥੇ ਏਸ ਦੇਸ਼ ਵਿਚੋਂ ਵੀ ਬੜੇ ਮਜ਼ਦੂਰ ਗਏ ਹੋਏ ਨੇ। ਜਲ੍ਹਿਆਂਵਾਲੇ ਬਾਗ਼, ਇਨ੍ਹਾਂ ਵਿਚੋਂ ਇਕ ਗਨਪਤੀ ਨੇ ਇਕ ਦਿਨ ਰਬੜ ਦੇ ਦਰੱਖਤ ਥੱਲੇ ਕੰਮ ਕਰਦਿਆਂ ਮੈਨੂੰ ਤੇਰੀ ਕਹਾਣੀ ਸੁਣਾਈ ਸੀ। ਤੇ ਹੁਣ ਉਹੀ ਗਨਪਤੀ ਆਪ ਤੇਰੇ ਵਰਗੇ ਇਕ ਮਹਾਨ ਸਾਕੇ ਦਾ ਸੂਰਮਾ ਬਣ ਚੁੱਕਿਆ ਏ। ਜਦੋਂ ਜਰਵਾਣਿਆਂ ਨੇ ਉਹਨੂੰ ਮਾਰਿਆ ਤਾਂ

ਉਹਦਿਆਂ ਬੁੱਲ੍ਹਾਂ ਉਤੇ ਵੀ ਉਹੀ ਮੁਸਕਰਾਹਟ ਸੀ ਜਿਹੜੀ ਇਕ ਦਿਨ ਅਨੇਕਾਂ ਫੁੱਲਾਂ ਵਾਂਗ ਤੇਰੇ ਪਿੰਡੇ ਉੱਤੇ ਖਿੜੀ ਸੀ…

"ਤੇਰੇ ਦੇਸ਼ ਦੇ ਹਾਕਮਾਂ ਦੀ ਰਜ਼ਾਮੰਦੀ ਨਾਲ ਅੰਗਰੇਜ਼ ਅਫ਼ਸਰ ਇੱਥੋਂ ਔਂਦੇ ਨੇ। ਤੇਰੇ ਦੇਸ਼ ਦਾ ਮਿੱਠਾ ਪਾਣੀ ਪੀ ਕੇ ਤੇ ਨਰੋਇਆ ਅੰਨ ਖਾ ਕੇ, ਤੇਰੇ ਦੇਸ਼ ਦੀਆਂ ਰੇਲਾਂ ਤੇ ਚੜ੍ਹ ਕੇ ਉਹ ਇਥੋਂ ਗੋਰਖੇ ਸਿਪਾਹੀ ਭਰਤੀ ਕਰ ਲਿਜਾਂਦੇ ਨੇ। ਇਹ ਗੋਰਖੇ ਸਿਪਾਹੀ ਮੇਰੇ ਦੇਸ਼ ਵਿਚ ਜਾ ਕੇ ਅਨੇਕਾਂ ਜਲ੍ਹਿਆਂਵਾਲੇ ਬਾਗ਼ ਲਾਂਦੇ ਨੇ। ਇਨ੍ਹਾਂ ਵਿਚੋਂ ਹੀ ਕਿਸੇ ਇਕ ਦੀ ਗੋਲੀ ਨੇ ਮੇਰੀ ਜਿੰਦ ਲਈ ਸੀ।"

ਤੇ ਇਕ ਭਰਵੀਂ 'ਵਾਜ ਸੁਣਾਈ ਦਿੱਤੀ – ਲਹੂ ਦੇ ਦਰਿਆ ਤਰ ਕੇ ਆਈ, ਜ਼ਬਰ ਦੇ ਪਹਾੜ ਲੰਘ ਕੇ ਆਈ 'ਵਾਜ, "ਮੈਂ ਦੱਖਣ ਤੋਂ ਆਇਆ ਹਾਂ। ਮੈਂ ਦੱਖਣ ਦੇ ਸ਼ਹੀਦਾਂ ਵੱਲੋਂ ਏਸ ਸ਼ਹੀਦਾਂ ਦੀ ਧਰਤੀ ਲਈ ਸ਼ਰਧਾ ਦੇ ਕੁਝ ਲਾਲ ਚੰਗਿਆੜੇ ਲੈ ਕੇ ਆਇਆ ਹਾਂ। ਲੋਕਾਂ ਲਈ ਭਵਿੱਖ ਦੀਆਂ ਨੂਰੀ ਕਿਰਨਾਂ ਲੈ ਕੇ ਆਇਆ ਹਾਂ। ਦੱਖਣ ਤੋਂ ਸ਼ਹੀਦਾਂ ਦੇ ਹੱਥ ਉੱਠੇ ਨੇ, ਜਲ੍ਹਿਆਂਵਾਲੇ ਦੇ ਸ਼ਹੀਦਾਂ ਨਾਲ ਇਹ ਹੱਥ ਮਿਲ ਰਹੇ ਨੇ…।"

ਤੇ ਫੇਰ ਜਲ੍ਹਿਆਂ ਵਾਲੇ ਦਾ ਅਣੂ ਅਣੂ ਜਾਗ ਪਿਆ। ਏਨੇ ਵਰ੍ਹਿਆਂ ਤੋਂ ਸੁੱਤੇ ਸ਼ਹੀਦ ਜਾਗ ਪਏ। ਪੁਰਾਣੀਆਂ ਗੋਲੀਆਂ ਦੇ ਨਿਸ਼ਾਨ ਜਾਗ ਕੇ ਨਵੀਆਂ ਗੋਲੀਆਂ ਦੇ ਫੱਟਾਂ ਨੂੰ ਮਮਤਾ ਨਾਲ ਤੱਕਣ ਲੱਗ ਪਏ। ਪੁਰਾਣਾ ਤੇ ਸੱਜਰਾ ਲਹੂ ਇਕ ਦੂਜੇ ਵਿਚ ਰਲ ਗਿਆ। ਲਹੂ–ਸੁੱਚਾ ਤੇ ਲਾਲ, ਲਹੂ– ਅਨੋਖਾ ਤੇ ਪਵਿੱਤਰ, ਲਹੂ- ਜਿਦ੍ਹੀ ਹਵਾੜ ਵਿਚ ਭਿੰਨ੍ਹੀ ਜਿਹੀ ਮਹਿਕ ਸੀ, ਇਕ ਚਿਰ ਪੁਰਾਣੀ ਪਰ ਨਿੱਤ-ਨਵੀਂ ਮਹਿਕ, ਆਜ਼ਾਦੀ ਦੀ ਨਰੋਈ, ਮਨੁੱਖਤਾ ਜਿੰਨੀ ਪੁਰਾਣੀ ਤੇ ਸੱਜਰੀ ਮਹਿਕ….

ਹੁਣ ਜਲ੍ਹਿਆਂਵਾਲੇ ਬਾਗ਼ ਵਿਚ ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ ਆਣ ਪੁੱਜਾ ਸੀ, ਤੇ ਇਹ ਸਮੁੰਦਰ ਗੜ੍ਹਕ ਰਿਹਾ ਸੀ। ਪੁਲਿਸ ਦੇ ਸਿਪਾਹੀ ਬੰਦੂਕਾਂ ਨਾਲ ਤੇ ਕੁਝ ਵਲੰਟੀਅਰ ਲਾਠੀਆਂ ਨਾਲ ਸਮੁੰਦਰ ਦੀਆਂ ਲਹਿਰਾਂ ਨੂੰ ਡੱਕਣ ਦਾ ਉਪਰਾਲਾ ਕਰ ਰਹੇ ਸਨ। ਲੋਕਾਂ ਦਾ ਸਮੁੰਦਰ ਚੜ੍ਹਦਾ ਆ ਰਿਹਾ ਸੀ। ਪੁਲਿਸ ਦੀਆਂ ਗੋਲੀਆਂ, ਵਲੰਟੀਅਰਾਂ ਦੀਆਂ ਲਾਠੀਆਂ, ਲੋਕਾਂ ਦਾ ਲਹੂ… ਪਰ ਸਮੁੰਦਰ

ਫੈਲਦਾ ਜਾ ਰਿਹਾ ਸੀ··· ਅੱਭੜਵਾਹੇ ਮੈਂ ਜਾਗ ਪਿਆ। ਮੇਰੇ ਸਾਹਮਣੇ ਓਸੇ ਤਰ੍ਹਾਂ ਲਾਊਡ ਸਪੀਕਰ ਵਿਚੋਂ 'ਵਾਜ ਆ ਰਹੀ ਸੀ, "ਸਾਡੀ ਪਾਰਟੀ··· ਆਜ਼ਾਦੀ··· ਅਹਿੰਸਾ···"

ਮੈਂ ਜਾਗ ਪਿਆ। ਮੇਰੀ ਕਲਮ ਦੀ ਅਣਖ ਜਾਗ ਪਈ। ਮੇਰੀ ਕਲਮ ਵੀ ਲੋਕਾਂ ਦੇ ਇਸ ਸਮੁੰਦਰ ਦੀ ਇਕ ਲਹਿਰ ਬਣ ਗਈ। ਮੇਰੀ ਕਲਮ ਨੇ ਇਸ ਜਲਸੇ ਦੀ ਰਿਪੋਰਟ ਨੂੰ ਮਾਲਕ ਦੀ ਮਰਜ਼ੀ ਅਨੁਸਾਰ ਲਿਖਣੋਂ ਉੱਕਾ ਇਨਕਾਰ ਕਰ ਦਿੱਤਾ।

# ਦੇਸ ਵਾਪਸੀ

ਲਾਂਚ ਵਿੱਚ ਤੀਜੇ ਦਰਜੇ ਦੇ ਮੁਸਾਫ਼ਰਾਂ ਵਾਲੀ ਥਾਂ ਨੱਕੋ-ਨੱਕ ਭਰੀ ਸੀ। ਉੱਤੇ ਪਹਿਲੇ ਦਰਜੇ ਦੀ ਖੁੱਲ੍ਹ ਵਿੱਚੋਂ ਦੋ ਅੰਗਰੇਜ਼ ਫ਼ੌਜੀ ਅਫ਼ਸਰ ਏਸ ਕੁਰਬਲ-ਕੁਰਬਲ ਥਾਂ ਵੱਲ ਤੱਕਦਿਆਂ ਗੱਲਾਂ ਕਰ ਰਹੇ ਸਨ:

' 'ਇਹ ਪੀਨਾਂਗ ਤੋਂ ਇੰਡੀਆ ਲਈ ਜਹਾਜ਼ ਫੜਨ ਜਾ ਰਹੇ ਨੇ।"

' 'ਮੈਨੂੰ ਹੈਰਾਨੀ ਹੁੰਦੀ ਏ, ਓਥੇ ਇਹ ਅਜਕਲ ਕਾਹਨੂੰ ਜਾ ਰਹੇ ਨੇ-ਓਥੇ ਆਪਸ ਵਿੱਚ ਇੱਕ ਦੂਜੇ ਦਾ ਗਲਾ ਹੀ ਕੱਟਣਗੇ।" ਤੇ ਹਾਸੇ ਵਿੱਚ ਅੱਗੋਂ ਗੱਲਾਂ ਗੁਆਚ ਗਈਆਂ ਸਨ। ਥੱਲੇ ਤੀਜੇ ਦਰਜੇ ਦੇ ਮੁਸਾਫ਼ਰਾਂ ਵਿੱਚੋਂ ਸੰਤ ਸਿੰਘ ਨੇ ਪੱਛਮ ਵੱਲ ਇਸ਼ਾਰਾ ਕਰਦਿਆਂ ਕਿਹਾ, ''ਏਸ ਬੰਨੇ ਆ ਆਪਣਾ ਦੇਸ, ਰਤਾ ਪਹਾੜ ਵਲ।"

ਪੀਨਾਂਗ ਉੱਤਰ ਕੇ ਮਤਾਬ ਦੀਨ ਸੋਚਣ ਲੱਗਾ ਕਿ ਉਹ ਇਥੇ ਕਿਥੇ ਰਹੇਗਾ? ਭਾਵੇਂ ਸਮਾਨ ਤਾਂ ਇੱਕ ਟਰੰਕੜੀ ਤੇ ਦਰੀ ਤੋਂ ਵੱਧ ਉਹਦੇ ਕੋਲ ਕੋਈ ਨਹੀਂ ਸੀ, ਪਰ ਫੇਰ ਵੀ ਰਾਤ ਨੂੰ ਸਿਰ ਲੁਕਾਣ ਲਈ ਏਸ ਪ੍ਰਦੇਸੀ ਸ਼ਹਿਰ ਵਿੱਚ ਕੋਈ ਥਾਂ ਤਾਂ ਚਾਹੀਦੀ ਸੀ ਤੇ ਮਲਾਇਆ ਵਿੱਚ ਮੀਂਹ-ਕਣੀ ਦਾ ਵੀ ਕਿਹੜਾ ਇਤਬਾਰ ਸੀ, ਛਰਾਟੇ ਮਾਰ ਕੇ ਮੀਂਹ ਵਰ੍ਹਣ ਲੱਗ ਪੈਂਦਾ ਸੀ।

ਸੰਤ ਸਿੰਘ ਇਕ ਚੀਨੀ ਦੇ ਰਿਕਸ਼ੇ ਉੱਤੇ ਆਪਣਾ ਸਮਾਨ ਟਿਕਵਾ ਚੁਕਿਆ ਸੀ, ਤੇ ਆਪਣੀ ਵਹੁਟੀ ਨੂੰ ਤੁਰਨ ਲਈ ਆਖ ਕੇ ਧੀ ਨੂੰ ਕੁਛੜ ਲੈ ਰਿਹਾ ਸੀ। ਸੰਤ ਸਿੰਘ ਤੇ ਮਤਾਬ ਦੀਨ ਗੱਡੀ ਤੇ ਲਾਂਚ ਵਿੱਚ ਹੀ ਜਾਣੂ ਹੋਏ ਸਨ। ਸਬੱਬ ਨਾਲ ਪਿੱਛੇ ਦੇਸ ਵਿੱਚ ਦੋਹਾਂ ਦਾ ਇੱਕੋ ਜ਼ਿਲ੍ਹਾ ਨਿਕਲ ਆਇਆ ਸੀ, ਤੇ ਦੋਹਾਂ ਦੇ ਪਿੰਡ ਦੋ ਕੋਹਾਂ ਦੀ ਵਿਥ ਉਤੇ ਈ ਸਨ।

ਸੰਤ ਸਿੰਘ ਨੇ ਚੱਲਣ ਲੱਗਿਆਂ ਮਤਾਬ ਦੀਨ ਨੂੰ ਕਿਹਾ, ''ਚੰਗਾ ਭਰਾਵਾ, ਜੇ ਅੰਨ-ਜਲ ਹੋਇਆ ਤਾਂ ਦੋਹਾਂ ਨੂੰ ਇਕੋ ਜਹਾਜ਼ ਦੀ ਟਿਕਟ ਮਿਲ

ਜਾਊ, ਤੇ ਕੱਠਿਆਂ ਈ ਸਮੁੰਦਰ ਦੀ ਮੰਜ਼ਲ ਕੱਟ ਕੇ ਪਿੰਡ ਪੁੱਜਾਂਗੇ। ਤੇ ਤੂੰ ਇਥੇ ਪੀਨਾਂਗ ਕਿਥੇ ਰਹੇਂਗਾ? ''

' 'ਮੈਂ ਤੇ ਇਥੇ ਬਿਲਕੁਲ ਪ੍ਰਦੇਸੀ ਆਂ-ਕੋਈ ਭਾਈ ਬੰਦ ਵੀ ਨਹੀਂ, ਤੇ ਨਾ ਹੀ ਕਿਸੇ ਸਰਾਂ ਦਾ ਪਤਾ ਆ। ਪਰ ਏਡਾ ਚਿਰ ਕਿਥੇ ਰੁਕਣਾ ਪੈਣਾ? ਪਰਸੋਂ ਚੌਥੇ ਤਾਂ ਜਹਾਜ਼ ਜਾਣਾ। ਕਿਤੇ ਕਿਸੇ ਦੁਕਾਨ ਦੇ ਵਰਾਂਡੇ ਵਿੱਚ ਰਾਤ ਟਪਾ ਲਊਂ।''

' 'ਲੈ ਤੇ ਤੂੰ ਪਹਿਲਾਂ ਕਾਹਨੂੰ ਨਾ ਦੱਸਿਆ! ਅਸੀਂ ਗੁਰਦੁਆਰੇ ਰਹਿਣਾ ਏਂ। ਓਥੇ ਮੁਸਾਫ਼ਰਾਂ ਲਈ ਬੜਾ ਸੁਹਣਾ ਥਾਂ ਆ। ਸਗੋਂ ਤੂੰ ਵੀ ਓਥੇ ਹੀ ਚਲਿਆ ਚਲ। ' ' ਮਤਾਬ ਦੀਨ ਨੇ ਰਤਾ ਝਕਦਿਆਂ ਝਕਦਿਆਂ ਕਿਹਾ, ''ਭਰਾਵਾ, ਤੈਨੂੰ ਕੋਈ ਔਖ ਨਾ ਹਊ?''

' 'ਲੈ ਗੁਰੂ ਦਾ ਘਰ ਆ, ਮੈਨੂੰ ਔਖ ਕਾਹਦਾ! '' ਤੇ ਸੰਤ ਸਿੰਘ ਨੇ ਉਹਦਾ ਟਰੰਕ ਤੇ ਬਿਸਤਰਾ ਵੀ ਆਪਣੇ ਰਿਕਸ਼ੇ ਉੱਤੇ ਈ ਰਖਵਾ ਲਿਆ।

ਗੁਰਦਵਾਰੇ ਪੁੱਜ ਕੇ ਇਕੋ ਕੋਠੜੀ ਵਿੱਚ ਦੋਹਾਂ ਨੇ ਸਾਮਾਨ ਟਿਕਾ ਲਿਆ। ਵਿਹੜੇ ਵਿੱਚ ਇੱਕ ਦੇਸੀ ਬੋਹੜ ਲੱਗਿਆ ਹੋਇਆ ਸੀ। ਦੋਵੇਂ ਉਹਦੇ ਬਣੇ ਥੜ੍ਹੇ ਉੱਤੇ ਬਹਿ ਗਏ। ਕਿੰਨੇ ਮੁਸਾਫ਼ਰ ਓਥੇ ਠਹਿਰੇ ਹੋਏ ਸਨ। ਨੇੜੇ ਹੀ ਉਨ੍ਹਾਂ ਦੇ ਬੱਚੇ ਗੁੱਲੀ ਡੰਡਾ ਖੇਡ ਰਹੇ ਸਨ, ਇਕ ਪਾਸੇ ਕੁਝ ਗੱਭਰੂ ਹੀਰ ਗਾ ਰਹੇ ਹੀਰ, ਗੁੱਲੀ ਡੰਡਾ, ਤੇ ਦੇਸ ਤੋਂ ਲਿਆ ਕੇ ਬੀਜੇ ਬੋਹੜ ਵਿੱਚ ਮਤਾਬ ਦੀਨ ਨੂੰ ਜਾਪ ਰਿਹਾ ਸੀ ਕਿ ਉਹ ਆਪਣੇ ਪਿੰਡ ਪੁੱਜ ਗਿਆ ਹੈ। ਜਦੋਂ ਅਗਲਾ ਦਿਨ ਚੜ੍ਹਿਆ ਤਾਂ ਸਾਰੇ ਗੁਰਦੁਆਰੇ ਵਿੱਚ ਅਨੋਖੀ ਚਹਿਲ ਪਹਿਲ ਸ਼ੁਰੂ ਹੋ ਗਈ। ਲੱਗਿਆ ਸੀ ਕਿ ਦੇਸ ਨੂੰ ਜਾਣ ਵਾਲਾ ਰਜੂਲਾ ਜਹਾਜ਼ ਚਾਰ ਦਿਨਾਂ ਨੂੰ ਪੀਨਾਂਗ ਲੱਗੇਗਾ। ਇਥੇ ਠਹਿਰੇ ਹੋਏ ਮੁਸਾਫ਼ਰ ਤਾਂ ਜਹਾਜ਼ ਦੀ ਆਸ ਤੇ ਹੀ ਜੀਉਂਦੇ ਸਨ। ਕਈ ਆਪਣੇ ਕੰਮ ਸਮੇਟ ਕੇ, ਜੋ ਪੈਸੇ ਜਮ੍ਹਾਂ ਹੋਏ ਲੈ ਕੇ, ਇਥੇ ਦੋ ਦੋ ਮਹੀਨਿਆਂ ਤੋਂ ਜਹਾਜ਼ ਉਡੀਕ ਰਹੇ ਸਨ। ਕਦੇ ਕਦੇ ਇਹ ਆਸ ਬਿਲਕੁਲ ਖੁਸਣ ਲੱਗ ਪੈਂਦੀ ਸੀ ਤੇ ਕਈ ਟੱਬਰ-ਟੀਰ ਵਾਲੇ, ਜਿਨ੍ਹਾਂ ਦੀ ਸੰਕੋਚ ਨਾਲ ਜੋੜੀ ਰਕਮ ਏਥੇ ਏਨੀ ਦੇਰ ਵਿਹਲੇ ਬੈਠਿਆਂ ਮੁਕਣ ਲੱਗ ਪੈਂਦੀ ਸੀ, ਨਿਰਾਸ ਹੋ ਕੇ, ਦੇਸ ਦਾ ਮੂੰਹ ਤੱਕਣ ਦੀ

ਸੱਧਰ ਲਈ, ਮੁੜ ਕੇ ਏਸੇ ਪ੍ਰਦੇਸ ਵਿੱਚ ਹੀ ਉਹਨੀਂ ਥਾਵੀਂ ਚਲੇ ਜਾਂਦੇ ਸਨ, ਉਹ ਅੱਗੇ ਹੱਡ-ਭੰਨ ਮਿਹਨਤ ਕਰਦੇ ਆਏ ਸਨ। ਮਲਾਇਆ ਦੇ ਜੰਗਲਾਂ ਵਿੱਚ ਗੱਡੀਆਂ ਉੱਤੇ ਰਬੜ ਢੋਣ ਜਾਂ ਟੀਨ ਦੇ ਖੱਡੇ ਪੁੱਟਣ ਜਾਂ ਕਿਸੇ ਧਨੀ ਦੀ ਦੁਕਾਨ ਉੱਤੇ ਪਹਿਰਾ ਦੇਣ। ਪਰ ਅੱਜ ਸਭਨਾਂ ਦੇ ਮੂੰਹ ਆਸ ਨਾਲ ਚਮਕ ਰਹੇ ਸਨ। ਜਹਾਜ਼ਾਂ ਦੀ ਕੰਪਨੀ ਦਾ ਏਜੰਟ ਸਵੇਰੇ ਮੋਟਰ ਵਿੱਚ ਆਇਆ ਸੀ, ਤੇ ਸਾਰਿਆਂ ਦੇ ਨਾਂ ਲਿਖ ਕੇ ਲੈ ਗਿਆ ਸੀ।

ਦੋ ਚਾਰ ਦਿਨ ਹਰ ਇੱਕ ਨੂੰ ਪੱਕੀ ਆਸ ਰਹੀ। ਕੁਝ ਬਜ਼ਾਰੋਂ ਜਹਾਜ਼ ਵਿੱਚ ਖਾਣ ਲਈ ਚੀਜ਼ਾਂ ਲੈ ਆਏ। ਬਹੁਤਿਆਂ ਨੇ ਆਪਣਾ ਆਪਣਾ ਸਮਾਨ ਬੰਨ੍ਹ ਲਿਆ। ਜ਼ਨਾਨੀਆਂ ਨੇ ਇੱਕ ਦੂਜੀ ਨਾਲ ਰਾਹ ਵਿੱਚ ਰੋਟੀ ਇੱਕਠੀ ਪਕਾਣ ਸਾਈਆਂ ਵੀ ਲਾਈਆਂ। ਮਤਾਬ ਦੀਨ ਤੇ ਸੰਤ ਸਿੰਘ ਨੇ ਵੀ ਇੱਕ ਚੁੱਲ੍ਹਾ ਤੇ ਰਲ ਕੇ ਰਸਦ ਪਾ ਲਈ।

ਪਰ ਜਦੋਂ ਰਜੂਲਾ ਜਹਾਜ਼ ਪੀਨਾਂਗੋਂ ਤੁਰਿਆ ਤਾਂ ਗੁਰਦੁਆਰੇ ਵਿੱਚ ਠਹਿਰੇ ਮੁਸਾਫ਼ਰਾਂ ਵਿੱਚੋਂ ਸਿਰਫ਼ ਤਿੰਨ ਹੀ ਏਸ ਵਿੱਚ ਚੜ੍ਹ ਸਕੇ। ਇਹ ਤਿੰਨੇ ਸਿਆਮ ਵਿੱਚ ਕੱਪੜੇ ਦਾ ਵਪਾਰ ਕਰਦੇ ਸਨ, ਤੇ ਥੋੜ੍ਹੇ ਦਿਨ੍ਹਾਂ ਤੋਂ ਹੀ ਆਏ ਸਨ। ਇਨ੍ਹਾਂ ਤੀਣੇ ਮੁੱਲੋਂ ਬਲੈਕ ਟਿਕਟਾਂ ਖਰੀਦੀਆਂ ਸਨ।

ਸਾਰੇ ਗੁਰਦੁਆਰੇ ਵਿੱਚ ਉਦਾਸੀ ਜਿਹੀ ਛਾ ਗਈ। ਅੱਜ ਬੱਚੇ ਬੋਹੜ ਥੱਲੇ ਗੁੱਲੀ ਡੰਡਾ ਨਾ ਖੇਡੇ ਤੇ ਗੱਭਰੂਆਂ ਨੇ ਹੀਰ ਵੀ ਨਾ ਗੰਵੀਂ। ਸਿਰਫ਼ ਥੜ੍ਹੇ ਬੈਠੇ ਲੋਕਾਂ ਵਿੱਚ ਇੱਕ ਬਿਰਧ ਗੱਲਾਂ ਕਰਦਾ ਰਿਹਾ, ‘‘ਭਾਈ, ਸਾਨੂੰ ਟਿਕਟ ਕਾਹਨੂੰ ਮਿਲਣੀ ਆਂ? ਟਿਕਟ ਤਾਂ ਉਹਨਾਂ ਮਲੂਕ ਮਲੂਕ ਸਰਦਾਰਾਂ ਨੂੰ ਮਿਲਣੀ ਆ, ਜਿਹੜੇ ਸਾਰਾ ਦਿਨ ਗੁਰਦੁਆਰੇ ਦੀ ਕੋਠੜੀ ਵਿੱਚ ਪਏ ਰਹਿੰਦੇ ਆ, ਜਿੱਦਾਂ ਉਨ੍ਹਾਂ ਦੇ ਢਿੱਡ ‘ਚ ਮਲ੍ਹਪ ਹੋਣ, ਤੇ ਪਿੱਛੋਂ ਤੀਣੇ ਪੈਸੇ ਤਾਰ ਦਿੰਦੇ ਆ। ਅਸੀਂ ਤਾਂ ਮਹੀਨਿਆਂ ਤੋਂ ਇਹੀ ਲੀਲ੍ਹਾ ਵੇਖਦੇ ਆਏ ਆਂ। ‘ ‘ ਮਤਾਬ ਦੀਨ ਤੇ ਸੰਤ ਸਿੰਘ ਰੋਜ਼ ਸਵੇਰੇ ਗੁਰਦੁਆਰੇ ਦੇ ਲੰਗਰ ਲਈ ਲੱਕੜਾਂ ਪਾੜਦੇ ਤੇ ਨਲਕੇ ਤੋਂ ਪਾਣੀ ਭਰ ਕੇ ਲਿਆਂਦੇ। ਜਦੋਂ ਰੋਟੀਆਂ ਪਕਾਣ ਦੀ ਸੇਵਾ ਲਈ ਲਾਂਗਰੀ ਨੇ ਹੋਰਨਾਂ ਨੂੰ ਬੁਲਾਣਾ ਹੁੰਦਾ, ਤਾਂ ਵੀ ਕਦੇ ਮਤਾਬ ਤੇ ਕਦੇ ਸੰਤ ਸਿੰਘ ਹੋਰਨਾਂ ਨੂੰ ਬੁਲਾਣ ਜਾਂਦੇ। ਮਤਾਬ

ਆਪ ਸਿਰ ਉੱਤੇ ਨਿਤ ਰੁਮਾਲ ਬੰਨ੍ਹੀ ਰੱਖਦਾ ਤੇ ਹੋਰ ਕਿਸੇ ਨੂੰ ਨੰਗੇ ਸਿਰ ਲੰਗਰ ਵਿੱਚ ਨਾ ਜਾਣ ਦੇਂਦਾ। ਲੰਗਰ ਵਰਤਾਉਣ ਵੇਲੇ ਵੀ ਦੋਵੇਂ ਸੇਵਾ ਕਰਦੇ ਤੇ ਆਪੀਂ ਅਖੀਰ ਤੇ ਖਾਂਦੇ।

ਬਚ ਗਈ ਇੱਕ ਅੱਧ ਰੋਟੀ ਸ਼ਾਮੀਂ ਮਤਾਬ ਭੋਰ ਭੋਰ ਕੇ ਕਬੂਤਰਾਂ ਨੂੰ ਪਾ ਦੇਂਦਾ। ਗੁਰਦੁਆਰੇ ਦੇ ਵਿਹੜੇ ਵਿੱਚ ਬੜੇ ਕਬੂਤਰ ਇਕੱਠੇ ਹੋ ਜਾਂਦੇ। ਇੱਕ ਦਿਨ ਕਬੂਤਰਾਂ ਨੂੰ ਭੋਰ ਚੋਰ ਪਾਂਦਿਆਂ ਉਹਨੇ ਸੁਣਿਆ, ਇਕ ਮਾਈ ਗੁਰਦੁਆਰੇ ਦੇ ਭਾਈ ਨੂੰ ਉਹਦੇ ਬਾਰੇ ਆਖ ਰਹੀ ਸੀ, "ਇਹ ਮੌਲਵੀ ਕਿੱਡਾ ਚੰਗਾ ਏ।"

ਭਾਈ ਨੇ ਅੱਗੋਂ ਕਿਹਾ, "ਅੱਲਾਹ ਲੋਕ ਏ।"

ਮਹੀਨਾ ਇੰਜ ਇਥੇ ਬੈਠਿਆਂ ਮਤਾਬ ਤੇ ਸੰਤ ਸਿੰਘ ਨੂੰ ਹੋ ਗਿਆ ਸੀ। ਨਵੇਂ ਆਉਣ ਵਾਲੇ ਜਹਾਜ਼ ਦੀ ਕੋਈ ਉਘ ਸੁਘ ਨਹੀਂ ਸੀ। ਦੋਵੇਂ ਸੰਤ ਸਿੰਘ ਦੇ ਟੱਬਰ ਸਣੇ ਰੋਟੀ ਤਾਂ ਲੰਗਰੋਂ ਖਾ ਲੈਂਦੇ ਸਨ ਪਰ ਸੁੱਕਾ ਅੰਨ ਮੂੰਹ ਨੂੰ ਆਣ ਆਣ ਕਰਦਾ ਸੀ; ਸੋ ਘੁੱਟ ਦੁੱਧ ਤੇ ਚੂੰਢੀ ਚੀਨੀ ਲੈ ਕੇ ਕਦੇ ਚਾਹ ਬਣਾ ਲੈਂਦੇ, ਕਦੇ ਟੁਕੜਾ ਟੁਕੜਾ ਡਬਲ ਰੋਟੀ ਖਾ ਲੈਂਦੇ, ਕਦੇ ਥੋੜ੍ਹੀ ਜਿੰਨੀ ਮਠਿਆਈ ਨਾਲ ਬਾਲੜੀ ਨੂੰ ਪਰਚਾ ਲੈਂਦੇ। ਕੁਝ ਪੈਸੇ ਅੱਗੇ ਜਹਾਜ਼ ਲਈ ਰਸਦ ਖਰੀਦਣ 'ਤੇ ਲੱਗ ਗਏ ਸਨ। ਇਸ ਤਰ੍ਹਾਂ ਦੋਹਾਂ ਨੇ ਜਿਹੜੀ ਭਾੜੇ ਲਈ ਰਕਮ ਬੰਨ੍ਹ ਕੇ ਰਖੀ, ਉਹ ਵੀ ਮੁੱਕਣ ਲੱਗ ਪਈ।

ਬੜਾ ਫ਼ਿਕਰ ਲੱਗ ਗਿਆ, ਜੇ ਪੈਸੇ ਥੁੜ ਗਏ ਤਾਂ ਦੇਸ ਦਾ ਮੂੰਹ ਵੇਖਣ ਦੀ ਥਾਂ ਕਿਧਰੇ ਮੁੜ ਮਤਾਬ ਦੀਨ ਨੂੰ ਟੀਨ ਦੇ ਖੱਡੇ ਪੁੱਟਣ ਤੇ ਸੰਤ ਸਿੰਘ ਨੂੰ ਦੇ ਗੁਦਾਮ ਤੇ ਪਹਿਰਾ ਦੇਣ ਨਾ ਜਾਣਾ ਪਏ? ਮੁੜ ਪਿਛਾਂਹ ਪਰਤਣ ਤੇ ਕਿੰਨੇ ਪੈਸੇ ਹੋਰ ਫ਼ਜ਼ੂਲ ਖਰਚ ਹੋ ਜਾਣਗੇ, ਤੇ ਪਤਾ ਨਹੀਂ ਗੋਰੇ ਨੇ ਉਹਦੀ ਥਾਂ ਕੋਈ ਰੱਖ ਲਿਆ ਹੋਵੇ ਤੇ ਟੀਨ ਦੇ ਖੱਡੇ ਉੱਤੇ ਵੀ ਮਜ਼ਦੂਰ ਬਹੁਤੇ ਆ ਗਏ ਹੋਣ!

ਸੰਤ ਸਿੰਘ ਨਾਲੋਂ ਮਤਾਬ ਵਧੇਰੇ ਚਿੰਤਾ ਵਿੱਚ ਸੀ। ਸਵੇਰੇ ਹੀ ਉਹਦੇ ਭਰਾ ਦਾ ਖ਼ਤ ਉਹਨੂੰ ਮਿਲਿਆ ਸੀ ਕਿ ਉਹ ਚਿੱਠੀ ਵੇਖਦਿਆਂ ਸਾਰ ਦੇਸ ਆ ਜਾਏ, ਉਨ੍ਹਾਂ ਦੀ ਬੁੱਢੀ ਮਾਈ ਉਹਦਾ ਰਾਹ ਤੱਕਦੀ ਮਰ ਗਈ ਹੈ। ਅਚਨਚੇਤ ਮਤਾਬ ਦੀਨ ਨੂੰ ਖ਼ਿਆਲ ਆਇਆ, ਵੱਡੇ ਭਰਾ ਨਾਲੋਂ ਮਾਈ ਉਹਨੂੰ ਛੋਟੇ ਹੁੰਦਿਆਂ

ਤੋਂ ਵੱਧ ਪਿਆਰ ਕਰਦੀ ਹੁੰਦੀ ਸੀ। ਜਦੋਂ ਉਹ ਇਸ ਟਾਪੂ ਉੱਤੇ ਆਉਣ ਲਈ ਘਰੋਂ ਤੁਰਿਆ ਸੀ, ਓਦੋਂ ਹੀ ਮਾਈ ਦੀ ਹਾਲਤ ਬੜੀ ਮਾੜੀ ਹੋ ਚੁੱਕੀ ਸੀ। ਸਾਰੇ ਸਰੀਰ ਵਿੱਚ ਪੀੜਾਂ ਛਿੜੀਆਂ ਰਹਿੰਦੀਆਂ ਸਨ। ਅੱਖਾਂ ਦੀ ਜੋਤ ਤਕਰੀਬਨ ਮੁੱਕ ਚੁੱਕੀ ਸੀ ਤੇ ਵਿਛੜਨ ਵੇਲੇ ਜਿਵੇਂ ਮਾਈ ਦੇ ਸਰੀਰ ਦਾ ਕਾਂਬਾ ਉਹਦੇ ਸਰੀਰ ਵਿੱਚ ਛਿੜ ਪਿਆ ਸੀ, ਅੰਨ੍ਹੀਆਂ ਗਿੱਲੀਆਂ ਅੱਖਾਂ ਦੀ ਗਿੱਲ ਜਿਵੇਂ ਉਹਦੀਆਂ ਗੱਲ੍ਹਾਂ ਆ ਗਈ ਸੀ। ਇਹ ਸਭ ਏਨੇ ਸਾਲਾਂ ਬਾਅਦ ਵੀ ਉਹਨੂੰ ਓਵੇਂ ਦਾ ਓਵੇਂ ਮਹਿਸੂਸ ਹੋ ਰਿਹਾ ਸੀ ਤੇ ਅੱਜ ਫੇਰ ਉਹਨੇ ਕੰਨ ਮਾਈ ਦੇ ਬੋੜੇ ਬੋਲ ਸੁਣ ਰਹੇ ਸਨ, ਆਂਦਰਾਂ ਦਾ ਟੋਟਾ ਲਹਿ ਕੇ ਸਮੁੰਦਰਾਂ ਦੇ ਪਾਰ ਜਾ ਰਿਹਾ! ”

ਪਰ ਮਤਾਬ ਨੂੰ ਓਦੋਂ ਆਉਣਾ ਹੀ ਪਿਆ ਸੀ, ਸਮੁੰਦਰ ਚੀਰ ਕੇ, ਭਾਵੇਂ ਉਹ ਆਉਣਾ ਨਹੀਂ ਸੀ ਚਾਹੁੰਦਾ। ਉਨ੍ਹਾਂ ਦੇ ਘਰ ਦਾ ਡੱਟ ਨਹੀਂ ਸੀ ਟੱਪਦਾ ਪਿਆ, ਕੁਝ ਤੇ ਉਹ ਪਹਿਲਾਂ ਈ ਮਰੇੜੇ ਸਨ, ਪਿਓ ਵੇਲੇ ਈ ਕੁਝ ਜ਼ਮੀਨ ਗਹਿਣੇ ਪੈ ਗਈ ਸੀ, ਤੇ ਜਿਸ ਰਹਿੰਦੀ ਖੂੰਹਦੀ ਦਾ ਆਸਰਾ ਸੀ, ਉਹਨੂੰ ਦਰਿਆ ਨੇ ਵਰਾਨ ਕਰ ਦਿੱਤਾ ਸੀ। ਵੱਡੇ ਭਰਾ ਨੂੰ ਮਤਾਬ ਨੇ ਮਲਾਇਆ ਜਾਣੋਂ ਇਹ ਕਹਿ ਰੋਕ ਦਿੱਤਾ:

‘ ‘ਤੇਰਾ ਪਿਛੇ ਕੋਈ ਨਹੀਂ। ਆਂਹਦੇ ਆ ਮਲਾਇਆ ਦੀ ਧਰਤੀ ਬੜੀ ਨਿਰਦਈ ਆ, ਘਟ ਈ ਕੋਈ ਪਰਤਦਾ। ਮੈਂ ਚਲਾ ਜਾਵਾਂ, ਮੇਰੀਆਂ ਤੇ ਪਿੱਛੇ ਕਿੰਨੀਆਂ ਈ ਤੰਦਾਂ, ਵਹੁਟੀ ਆ, ਧੀ ਆ। ਗਹਿਣੇ ਪਈ ਜ਼ਮੀਨ ਛੁਡਾਉਣ ਜੋਗੀ ਰਕਮ ਕਮਾਂਦਿਆਂ ਸਾਰ ਹੀ ਪਰਤ ਆਊਂ।”

ਜਦੋਂ ਉਹ ਮਲਾਇਆ ਪੁਜਿਆ ਸੀ, ਤਾਂ ਉਹਦਾ ਖਿਆਲ ਸੀ ਕਿ ਘੁੱਟੋ-ਵੱਟੀ ਰਹਿ ਕੇ ਤੇ ਲਹੂ ਪਾਣੀ ਇਕ ਕਰ ਕੇ ਅੱਠ ਨੌਂ ਮਹੀਨਿਆਂ ਵਿੱਚ ਉਹ ਕੁ ਰਕਮ ਪਿਛਾਂਹ ਘੱਲ ਲਏਗਾ। ਪਰ ਇੱਥੇ ਪੁਜਦਿਆਂ ਹੀ ਠੂਹ ਠਾਹ ਸ਼ੁਰੂ ਹੋ ਗਈ, ਤੇ ਜਪਾਨੀਆਂ ਨੇ ਦਿਨਾਂ ਵਿੱਚ ਹੀ ਸਾਰੇ ਮਲਾਇਆ ਦਾ ਰਾਜ ਸੰਭਾਲ ਲਿਆ। ਭੰਬੱਤ੍ਰਿਆ ਮਤਾਬ ਦੀਨ ਬੜੇ ਦਿਨ ਠੂਹ ਠਾਹ ਵਿੱਚ ਆਪਣਾ ਸਿਰ ਲੁਕਾਂਦਾ ਰਿਹਾ, ਪਰ ਅਖੀਰ ਇੱਕ ਦਿਨ ਇੱਕ ਜਪਾਨੀ ਸਿਪਾਹੀ ਨੇ ‘ਖੁਰੇ

ਕਰ ਕੇ ਉਹਨੂੰ ਫੜ ਲਿਆ ਤੇ ਕਿਤੇ ਰੇਲ ਦੀ ਪਟੜੀ ਬਣਾਨ 'ਤੇ ਵਗਾਰੀ ਲਾ ਦਿੱਤਾ।

ਰੱਬ ਰੱਬ ਕਰਕੇ ਜਪਾਨੀਆਂ ਦਾ ਕਾਲਾ ਨਰਕ ਲੰਘਿਆ ਤੇ ਮਤਾਬ ਦੀਨ ਤਿੰਨ ਡਾਲੇ ਦਿਹਾੜੀ ਤੇ ਟੀਨ ਦੇ ਖੱਡੇ ਪੁਟਣ ਤੇ ਹੋ ਗਿਆ। ਸ਼ਾਮੀਂ ਉਹ ਇੱਕ ਮਾਲ ਡੰਗਰ ਵਾਲੇ ਲਈ ਪੱਠੇ ਵਢ ਦੇਂਦਾ, ਤੇ ਇਹਦੇ ਬਦਲੇ ਉਹਨੂੰ ਕੁਝ ਦੁਧ ਮਿਲ ਜਾਂਦਾ। ਦੁੱਧ ਬੜਾ ਮਹਿੰਗਾ ਸੀ, ਸੋ ਮਤਾਬ ਇਹ ਵੇਚ ਕੇ ਵੀ ਕੁਝ ਕਮਾ ਲੈਂਦਾ। ਜਪਾਨੀਆਂ ਦੇ ਵੇਲੇ ਤੇ ਉਹਦੇ ਪਿਛੋਂ ਦੀ ਹਡਭੰਨਵੀਂ ਮਿਹਨਤ ਨੇ ਉਹਨੂੰ ਪੰਜਾਂ ਵਰ੍ਹਿਆਂ ਵਿਚ ਹੀ ਬੁੱਢਿਆਂ ਕਰ ਦਿੱਤਾ ਸੀ। ਉਹਦੀਆਂ ਗੱਲ੍ਹਾਂ ਟੋਏ ਪੈ ਗਏ ਸਨ, ਤੇ ਅੱਖਾਂ ਥੱਲੇ ਕਾਲੀਆਂ ਝੁਰੜੀਆਂ ਆ ਗਈਆਂ ਸਨ। ਤਾਂ ਜਾਪਦਾ ਸੀ ਨਿਰੀ ਪੇਟ-ਚਟਾਈ ਹੀ ਹੁੰਦੀ ਜਾਏਗੀ, ਪਰ ਅਖੀਰ ਉਹਨੇ ਕਰਜ਼ਾ ਲਾਹ ਹੀ ਲਿਆ।

ਸੰਤ ਸਿੰਘ ਨੂੰ ਬੜੇ ਮਾਣ ਨਾਲ ਉਹਨੇ ਦੱਸਿਆ ਸੀ, ''ਰੱਬ ਨੇ ਭਲਾ ਕੀਤਾ, ਮੈਂ ਗਹਿਣੇ ਪਈ ਜ਼ਮੀਨ ਛੁਡਾ ਲਈਆ ਤੇ ਸੁਣਿਆਂ ਵਰਾਨ ਜ਼ਮੀਨ ਵੀ ਹੁਣ ਵਾਹਵਾ ਹੋ ਗਈਆ, ਦਰਿਆ ਹਟ ਗਿਆ ਆ। ਜਾ ਕੇ ਦੋ ਦੇਗਾਂ ਚੌਲਾਂ ਦੀਆਂ ਬਰਾਦਰੀ ਨੂੰ ਖੁਆ ਦਊਂ..... ਕਹਿੰਦੇ ਆ ਦੇਸ ਚੌਲਾਂ ਨੂੰ ਅੱਗ ਲੱਗੀ ਹੋਈ ਆ, ਪਰ ਇਹ ਸੱਧਰ ਜ਼ਰੂਰ ਲਾਹੁਣੀ ਆ।''

ਮਤਾਬ ਹੁਣ ਕਿਸੇ ਤਰ੍ਹਾਂ ਵੀ ਦੇਸ਼ ਅਪੜਨਾ ਚਾਂਹਦਾ ਸੀ, ਸਮੁੰਦਰ ਚੀਰ ਕੇ, ਪਰ ਉਹਨੂੰ ਇਥੇ ਰੁਕਣਾ ਪੈ ਰਿਹਾ ਸੀ, ਕਿਉਂਕਿ ਉਹ ਤੀਣੇ ਮੁੱਲੋਂ ਟਿਕਟ ਨਹੀਂ ਸੀ ਖਰੀਦ ਸਕਦਾ। ਉਹਦੀ ਆਸ ਹੁਣ ਖੁਸਦੀ ਜਾਂਦੀ ਸੀ। ਦੋ ਦੇਗ਼ਾਂ ਚੌਲਾਂ ਲਈ ਪੈਸੇ ਤਾਂ ਇਕ ਬੰਨੇ, ਜਹਾਜ਼ ਤੇ ਗੱਡੀ ਦੇ ਭਾੜੇ ਦੀ ਰਕਮ ਵੀ ਖੁਰਨ ਲੱਗ ਪਈ ਸੀ।

ਇਕ ਦਿਨ ਸੰਤ ਸਿੰਘ ਬਜ਼ਾਰੋਂ ਜੇਬ ਕਟਾ ਆਇਆ, ਵੀਹ ਕੁ ਡਾਲੇ ਇੰਜ ਮੁੱਕ ਗਏ। ਦੋਹਾਂ ਨੂੰ ਜਾਪਿਆ ਜਿਵੇਂ ਉਨ੍ਹਾਂ ਦਾ ਲੱਕ ਟੁੱਟ ਗਿਆ ਹੋਵੇ।

ਦੋਹਾਂ ਨੇ ਰਿਕਸ਼ਾ ਗੱਡੀਆਂ ਕਿਰਾਏ ਤੇ ਲੈ ਕੇ ਵਾਹਣੀਆਂ ਸ਼ੁਰੂ ਕਰ ਦਿੱਤੀਆਂ। ਪੰਜ ਪੰਜ ਡਾਲੇ ਕਿਰਾਏ ਦੇ ਰੋਜ਼ ਦੇਣੇ ਪੈਂਦੇ ਸਨ। ਜੋ ਬਚ ਜਾਂਦਾ, ਉਹ

ਦੋਵੇਂ ਜੋੜ ਕੇ ਰੱਖ ਲੈਂਦੇ। ਦੋਹਾਂ ਲਈ ਇਹ ਕੰਮ ਨਵਾਂ ਸੀ, ਤੇ ਨਾਲੇ ਲੰਗਰੋਂ ਸੁੱਕਾ ਅੰਨ ਖਾ ਕੇ ਇਹ ਕੰਮ ਹੋਰ ਵੀ ਔਖਾ ਹੋ ਜਾਂਦਾ ਸੀ। ਪਰ ਏਸ ਤੌਖ਼ਲੇ ਵਿਚ ਕਿ ਕਿਤੇ ਠੀਕ ਭਾਅ ਤੇ ਮਿਲਦੀ ਟਿਕਟ ਖ਼ਰੀਦਣ ਜੋਗੇ ਪੈਸੇ ਵੀ ਉਨ੍ਹਾਂ ਕੋਲ ਨਾ ਬਚਣ, ਉਨ੍ਹਾਂ ਕੁਝ ਵੀ ਆਪਣੇ ਖਾਣ ਪੀਣ 'ਤੇ ਨਾ ਖਰਚਿਆ।

ਜਦੋਂ ਰਿਕਸ਼ਾ ਖੜ੍ਹੀ ਕਰ ਕੇ ਉਹ ਕਿਧਰੇ ਆਪਣਾ ਮੁੜ੍ਹਕਾ ਪੂੰਝ ਰਹੇ ਹੁੰਦੇ ਤੇ ਕੋਲੋਂ ਕੋਈ ਖਾਣ ਵਾਲੀ ਚੀਜ਼ ਵੇਚਦਾ ਲੰਘਦਾ ਤਾਂ ਉਹ ਤਕਦੇ ਰਹਿੰਦੇ, ਭੁੱਖ ਉਨ੍ਹਾਂ ਦੀਆਂ ਆਂਦਰਾਂ ਵਲੂੰਧਰਦੀ ਤੇ ਉਹ ਤਕਦੇ ਰਹਿੰਦੇ।

ਕਦੇ ਸੰਤ ਸਿੰਘ ਕਹਿੰਦਾ, "ਦੇਸ ਦੇ ਆਟੇ ਦੀ ਕੀ ਰੀਸ ਆ! ਨਿਰੀ ਰੋਟੀ ਈ ਨਹੀਂ ਮਾਣ। ਏਨੇ ਸਾਲਾਂ ਤੋਂ ਨਰੋਈ ਘੋਨੀ ਕਣਕ ਸੁਪਨੇ ਵਿਚ ਵੀ ਨਹੀਂ ਚਖੀ- ਇਹ ਅਸਟਰੇਲੀਆ ਦੀ ਖੇਹ ਈ ਖਾਂਦੇ ਰਹੇ ਆਂ।"

ਕਦੇ ਕੋਲੋਂ ਅਮਰੀਕਾ ਤੋਂ ਆਏ ਮਾਲਟਿਆਂ ਨਾਲ ਲੱਦੀਆਂ ਰੇੜ੍ਹੀਆਂ ਲੰਘਦੀਆਂ।

ਮਤਾਬ ਆਖਦਾ, "ਦੇਸ ਦੇ ਅੰਬਾਂ ਵਰਗਾ ਸਾਰੇ ਜਹਾਨ ਤੇ ਕੋਈ ਮੇਵਾ ਨਹੀਂ।"

ਕੁਝ ਪਲਾਂ ਲਈ ਰਿਕਸ਼ਾ ਅਲੋਪ ਹੋ ਜਾਂਦੀ। ਉਹ ਅੰਬਾਂ ਦੇ ਬਾਗ ਵਿਚ ਸਨ- ਕੋਇਲਾਂ ਕੂਕ ਰਹੀਆਂ ਹਨ, ਚੁੱਲ੍ਹੇ ਕੋਲ ਬੈਠਿਆਂ ਨੂੰ ਮਾਂ ਘੋਨੀ ਕਣਕ ਦੀ ਰੋਟੀ ਵਿਚ ਚੋਂਘੇ ਪਾ ਕੇ ਦੇ ਰਹੀ ਸੀ...

' 'ਰਿਕਸ਼ਾ...ਹੇ ਰਿਕਸ਼ਾ, ਦੋ ਸਵਾਰੀਆਂ, ਸਮਾਨ ਵੀ ਹੈ।"

ਤੇ ਰਿਕਸ਼ਾ ਫੇਰ ਉਲਰ ਪੈਂਦੀ; ਮੋਟਰਾਂ, ਟਰਾਮਾਂ, ਬੱਸਾਂ ਦੀ ਭੀੜ ਉਹ ਦਗੜ ਦਗੜ ਕਰਨ ਲੱਗ ਪੈਂਦੇ।

ਦੇਸ ਤੋਂ ਆਏ ਜਹਾਜ਼ ਵਿਚੋਂ ਸਵਾਰੀਆਂ ਉਤਰ ਰਹੀਆਂ ਸਨ। ਦੋ ਆਦਮੀਆਂ ਤੇ ਇਕ ਬੱਚੇ ਨੂੰ ਆਪਣੀ ਰਿਕਸ਼ਾ ਵਿਚ ਮਤਾਬ ਨੇ ਬਹਾਇਆ। ਮਤਾਬ ਨੇ ਸੁਣਿਆ, ਸੁਹਣਾ ਜਿਹਾ ਬੱਚਾ ਆਖ ਰਿਹਾ ਸੀ:

' 'ਬਾਪੂ, ਇਥੇ ਮੁਸਲਮਾਨ ਤਾਂ ਨਹੀਂ ਹੋਣੇ! ਉਨ੍ਹਾਂ ਮੇਰੇ ਵਰਗੇ ਬੱਚਿਆਂ ਨੂੰ ਵੀ ਨਹੀਂ ਛੱਡਿਆ! " ਤੇ ਬੱਚਾ ਅਚਾਨਕ ਰੋਣ ਲੱਗ ਪਿਆ ਸੀ।

ਸੰਤ ਸਿੰਘ ਦੀ ਰਿਕਸ਼ਾ ਵਿਚ ਬਹਿਣੋਂ ਜਹਾਜ਼ੋਂ ਉਤਰੀਆਂ ਦੋ ਮੁਸਲਮਾਨ ਸਵਾਰੀਆਂ ਨੇ ਨਾਂਹ ਕਰ ਦਿੱਤੀ। ਉਹ ਹਾਲੀਂ ਬਹੁਤੀ ਦੂਰ ਨਹੀਂ ਸੀ ਗਿਆ ਕਿ ਉਹਨੇ ਉਨ੍ਹਾਂ ਵਿਚੋਂ ਇਕ ਨੂੰ ਗੱਲ ਕਰਦਿਆਂ ਸੁਣਿਆ, ''ਸਿੱਖ ਜਾਂ ਹਿੰਦੂ ਨੂੰ ਪੈਸੇ ਖਟਾਣਾ ਹਰਾਮ ਏ-ਇਨ੍ਹਾਂ ਕਲਕੱਤੇ ਵਿਚ ਸਾਡੇ ਹਜ਼ਾਰਾਂ ਭਰਾ ਮਾਰੇ ਨੇ।'' ਤੇ ਦੋਵੇਂ ਇਕ ਚੀਨੇ ਦੀ ਰਿਕਸ਼ੇ ਉਤੇ ਬਹਿ ਗਏ ਸਨ।

ਰਾਤ ਨੂੰ ਸੰਤ ਸਿੰਘ ਤੇ ਮਤਾਬ ਦਿਨੇ ਸੁਣੀਆਂ ਆਪਸ ਵਿਚ ਕਰ ਰਹੇ ਸਨ ਕਿ ਏਨੇ ਨੂੰ ਕੋਲੋਂ ਦੋ ਸਿੱਖ ਲੰਘੇ। ਇਹ ਅੱਜ ਹੀ ਜਹਾਜ਼ ਤੋਂ ਉਤਰ ਕੇ ਗੁਰਦੁਆਰੇ ਆਏ ਸਨ। ਇਨ੍ਹਾਂ ਸੰਤ ਸਿੰਘ ਨੂੰ ਆਪਣੇ ਕੋਲ ਬੁਲਾਇਆ, ਤੇ ਉਹਦੇ ਨਾਲ ਗੱਲਾਂ ਕਰਦੇ ਰਹੇ। ਸੰਤ ਸਿੰਘ ਜਦੋਂ ਫੇਰ ਮਤਾਬ ਕੋਲ ਆਇਆ ਤਾਂ ਉਹਦਾ ਮੂੰਹ ਬੜਾ ਉਤਰਿਆ ਹੋਇਆ ਸੀ।

ਮਤਾਬ ਨੇ ਪੁਛਿਆ, ''ਕੀ ਆਖਦੇ ਸੀ ਉਹ? ''

' 'ਨਹੀਂ, ਕੁਝ ਨਹੀਂ ਐਵੇਂ...। ''

' 'ਕੋਈ ਸੁਰ ਪਤਾ ਦੱਸੇਂ ਵੀ? ''

ਸੰਤ ਸਿੰਘ ਨੇ ਮਤਾਬ ਦਾ ਹੱਥ ਘੁੱਟ ਕੇ ਫੜ ਲਿਆ ਤੇ ਉਹਦੀਆਂ ਅੱਖਾਂ ਵਿਚ ਨਜ਼ਰਾਂ ਗੱਡ ਕੇ ਕਿਹਾ, ''ਕਹਿੰਦੇ ਸੀ ਤੂੰ ਮੁਸਲਮਾਨ ਆਂ! ''

ਮਤਾਬ ਨੇ ਹੈਰਾਨ ਹੋ ਕੇ ਕਿਹਾ, ''ਤੇ ਫੇਰ ਕੀ? ਇਹ ਕੋਈ ਨਵੀਂ ਗੱਲ ਆ! ''

' 'ਕਹਿੰਦੇ ਸੀ, ਮੁਸਲਮਾਨ ਸੱਪ ਆ ਸੱਪ! ਲੱਖ ਦੁੱਧ ਪਿਆਓ, ਡੰਗ ਈ ਮਾਰੂ! ''

ਮਤਾਬ ਪੱਥਰ ਵਾਂਗ ਅਡੋਲ ਹੋਇਆ ਮੂੰਹ ਨੀਵਾਂ ਪਾਈ ਬੈਠਾ ਰਿਹਾ।

ਸੰਤ ਸਿੰਘ ਉਹਦੇ ਹੋਰ ਨੇੜੇ ਢੁਕ ਗਿਆ, ''ਕਮਲਿਆ! ਇਹ ਉਨ੍ਹਾਂ ਦੀਆਂ ਗੱਲਾਂ ਸਨ, ਤੂੰ ਪੁੱਛੀਆਂ ਤੇ ਮੈਂ ਦੱਸੀਆਂ। ਮੇਰੇ ਮਨ ਤਾਂ ਇਹ ਉਕਾ ਨਹੀਂ ਲੱਗਦੀਆਂ। ਇਹ ਐਵੇਂ ਹਲਕ ਕੁੱਦਿਆ ਲੋਕਾਂ ਨੂੰ, ਫਿਟਣੀਆਂ ਦੇ ਫੇਟ ਤਾਂ ਗੋਰੇ ਗੋਰੇ।''

ਅਛੋਪਲੇ ਹੀ ਸੰਤ ਸਿੰਘ ਦੀ ਧੀ ਬਚਨੋ ਮਤਾਬ ਦੀ ਝੋਲੀ ਵਿਚ ਆਣ ਬੈਠੀ, ‘‘ਚਾਚਾ ਅਜ ਕਬੂਤਰਾਂ ਨੂੰ ਟੁੱਕਰ ਨਹੀਂ ਪਾਣਾ? -ਵਿਚਾਰੇ ਕਦ ਦੇ ਆ।’’

ਮਤਾਬ ਨੇ ਬਚਨੋ ਨੂੰ ਘੁਟ ਕੇ ਗਲੇ ਨਾਲ ਲਾ ਲਿਆ।

‘ ‘ਚਾਚਾ, ਤੂੰ ਰੋਂਦਾ ਪਿਆ ਏਂ, ਤੇਰੀਆਂ ਅੱਖਾਂ ਗਿੱਲੀਆਂ ਨੇ! ”

‘ ‘ਕਬੂਤਰੀਏ-ਮੈਂ ਕਾਹਨੂੰ ਰੋਣਾਂ’’ , ਆਖ ਮਤਾਬ ਨੇ ਉਹਨੂੰ ਹੋਰ ਘੁਟ ਲਿਆ। ਬਚਨੋ ਨੇ ਆਪਣੀਆਂ ਬਾਲੜੀਆਂ ਬਾਹਵਾਂ ਉਹਦੇ ਗਲ ਦੁਆਲੇ ਵਲ ਲਈਆਂ।

ਸੰਤ ਸਿੰਘ ਦੀ ਤਕਣੀ ਵਿਚ ਇਕ ਮੋਹ ਭਰਿਆ ਨਿੱਘ ਘੁਲਿਆ ਹੋਇਆ ਸੀ।

ਅਖੀਰ ਪੂਰੇ ਦੋ ਮਹੀਨਿਆਂ ਮਗਰੋਂ ਮਤਾਬ ਤੇ ਸੰਤ ਸਿੰਘ ਦੇ ਟੱਬਰ ਨੂੰ ਜਹਾਜ਼ ਦੀਆਂ ਟਿਕਟਾਂ ਮਿਲ ਗਈਆਂ। ਐਤਕੀਂ ਗੁਰਦੁਆਰੇ ਵਿਚ ਠਹਿਰਿਆਂ ਸਭਨਾਂ ਨੂੰ ਹੀ ਟਿਕਟਾਂ ਮਿਲ ਗਈਆਂ ਸਨ। ਪਰਸੋਂ ਨੂੰ ਜਹਾਜ਼ ਤੁਰ ਰਿਹਾ ਸੀ।

ਦੋਵੇਂ ਰਿਕਸ਼ਾ ਮੋੜ ਕੇ, ਜਿੰਨੇ ਪੈਸੇ ਉਨ੍ਹਾਂ ਅੱਜ ਤੱਕ ਜੋੜੇ ਸਨ ਗਿਣਨ ਲਗੇ। ਹਿਸਾਬ ਲਾ ਕੇ ਉਨ੍ਹਾਂ ਨੂੰ ਬੜੀ ਖੁਸ਼ੀ ਹੋਈ, ਕਿਉਂਕਿ ਲੋੜੀਂਦੇ ਖ਼ਰਚ ਤੋਂ ਵਧ ਵੀ ਉਨ੍ਹਾਂ ਕੋਲ ਕੁਝ ਬਚਦਾ ਸੀ। ਬਚਨੋ ਨੂੰ ਲੈ ਕੇ ਦੋਵੇਂ ਬਾਜ਼ਾਰ ਚਲੇ ਗਏ। ਸੰਤ ਸਿੰਘ ਨੇ ਬਚਨੋ ਲਈ ਬੜੀ ਸੁਹਣੀ ਰਬੜ ਦੀ ਜੁੱਤੀ ਖਰੀਦੀ, ਤੇ ਆਪਣੀ ਦੀ ਸੁੱਥਣ ਲਈ ਇਕ ਚੀਨੀ ਰੇਸ਼ਮ ਦਾ ਟੋਟਾ। ਮਤਾਬ ਨੇ ਵੀ ਆਪਣੀ ਵਹੁਟੀ ਲਈ ਅਜਿਹਾ ਈ ਟੋਟਾ ਖਰੀਦ ਲਿਆ। ਆਪਣੀ ਧੀ ਤਾਜੋ ਲਈ-ਉਹਨੇ ਬਚਨੋ ਦੇ ਮਾਪ ਦੀ ਰਬੜ ਦੀ ਜੁਤੀ ਖ਼ਰੀਦ ਲਈ, ਦੋਵੇਂ ਹਾਣ ਦੀਆਂ ਸਨ।

ਸਮੁੰਦਰ ਅੱਜ ਕਲ ਬੜਾ ਤੁਫ਼ਾਨੀ ਹੋਇਆ ਹੋਇਆ ਸੀ। ਜਹਾਜ਼ ਵਿਚ ਡੈੱਕ ਦੇ ਮੁਸਾਫ਼ਰ ਤਾਂ ਬਹੁਤ ਹੀ ਤਕਲੀਫ਼ ਵਿਚ ਸਨ। ਜਹਾਜ਼ ਨੇ ਦੂਜੇ ਦਿਨ ਤੋਂ ਹੀ ਬੜਾ ਡੋਲਣਾ ਸ਼ੁਰੂ ਕਰ ਦਿੱਤਾ। ਸਮੁੰਦਰ ਵਿਚ ਏਡੀ-ਏਡੀ ਛਲ ਉਠਦੀ ਕਿ ਜਹਾਜ਼ ਤੋਂ ਆਰ ਪਾਰ ਲੰਘ ਜਾਂਦੀ।

ਤੀਜੇ ਦਿਨ ਬਚਨੋ ਨੂੰ ਉਲਟੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸੰਤ ਸਿੰਘ ਤੇ ਉਹਦੀ ਵਹੁਟੀ ਦਾ ਜੀਅ ਦੂਜੇ ਦਿਨ ਤੋਂ ਹੀ ਬਹੁਤ ਕੱਚਾ ਹੋਣ ਲੱਗ ਪਿਆ ਸੀ। ਸਿਰਫ਼ ਮਤਾਬ ਨੇ ਈ ਸੁਰਤ ਸੰਭਾਲੀ ਰੱਖੀ ਸੀ ਤੇ ਉਹੀ ਬਚਨੋ ਨੂੰ ਕੁਛੜ ਲਈ ਬੈਠਾ ਰਹਿੰਦਾ, ਛੱਲਾਂ ਦੀ ਮਾਰ ਤੋਂ ਬਚਾਂਦਾ ਤੇ ਜਦੋਂ ਉਹ ਉਲਟੀ ਕਰਦੀ ਤਾਂ ਉਹਨੂੰ ਕੁਰਲੀ ਕਰਾ ਕੇ ਉਹਦਾ ਮੂੰਹ ਧੋਂਦਾ।

ਕੁਛੜ ਵਿਚ ਬੇਸੁਰਤ ਲੇਟੀ ਬਚਨੋ ਉਹਨੂੰ ਕਈ ਵਾਰ ਤਾਜੋ ਜਾਪਣ ਲੱਗ ਪੈਂਦੀ। 'ਕਬੂਤਰੀ ' ਉਹ ਆਪਣੀ ਨਿੱਕੀ ਜਿਹੀ ਤਾਜੋ ਨੂੰ ਲਾਡ ਨਾਲ ਕਹਿੰਦਾ ਹੁੰਦਾ ਸੀ, ਤੇ ਹੁਣ ਤੇ ਉਹ ਵੀ ਸੁਖ ਨਾਲ ਬਚਨੋ ਜਿਡੀ ਹੋ ਗਈ ਹੋਵੇਗੀ। ਜਦੋਂ ਉਹ ਦੇਸੋਂ ਆਇਆ ਸੀ, ਉਦੋਂ ਦੀ ਤੇ ਉਹਨੂੰ ਕੋਈ ਸੰਭਾਲ ਨਹੀਂ ਹੋਣ ਲੱਗੀ! ਹੁਣ ਜਦੋਂ ਉਹ ਉਹਦੇ ਨਿੱਕੇ ਗੋਰੇ ਪੈਰਾਂ ਵਿਚ-ਉਹਦਾ ਰੰਗ ਆਪਣੀ ਮਾਂ ਤੇ ਸੀ-ਰਬੜ ਦੀਆਂ ਜੁਤੀਆਂ ਪੁਆਏਗਾ, ਤਾਂ ਉਹ ਮਾਣ ਨਾਲ ਸਾਰੇ ਪਿੰਡ ਦੇ ਨਿਆਣਿਆਂ ਨੂੰ ਤਕਾਂਦੀ ਫਿਰੇਗੀ। ਪਰ ਉਹ ਉਹਨੂੰ ਦੱਸੇਗੀ, ''ਤਾਜੀਏ, ਤੇਰਾ ਅੱਬਾ ਈ!" ਤੇ ਉਹਦੀ ਮਾਂ ਚੀਨੀ ਰੇਸ਼ਮ ਦੀ ਸੁੱਥਣ ਪਾ ਕੇ ਕਿੰਨੀ ਖੁਸ਼ ਹੋਏਗੀ! ਕਿਡੀ ਕੂਲੀ ਸੁੱਥਣ! ਜਦੋਂ ਉਹ ਆਇਆ ਸੀ ਤਾਂ ਉਹਨੇ ਅੱਥਰੂਆਂ ਵਿਚੋਂ ਤਕਦਿਆਂ ਉਹਨੂੰ ਕਿਹਾ ਸੀ, ''ਵੇਖਣਾ ਕਿਤੇ ਓਥੋਂ ਦੇ ਹੀ ਨਾ ਹੋ ਜਾਣਾ। ਤੁਹਾਨੂੰ ਮੇਰੀ ਕਸਮ, ਤਾਜੋ ਦੀ ਕਸਮ।" ਤੇ ਹੁਣ ਉਹ ਉਹਦੇ ਕੋਲ ਜਾ ਰਿਹਾ ਸੀ ਤੇ ਉਹ ਉਹਦੀ ਕਸਮ ਤੇ ਪੱਕਾ ਰਿਹਾ ਸੀ। ਉਹ ਤੇ ਪਹਿਲੀਆਂ ਵਾਂਗ ਹਾਲੀ ਮੁਟਿਆਰ ਈ ਹੋਏਗੀ, ਉਹਦੀਆਂ ਅੱਖਾਂ ਵਿਚ ਸੁਰਮਾ ਓਨਾ ਹੀ ਕਾਲਾ ਹੋਏਗਾ, ਤੇ ਪਿੰਡਾ ਓਨਾ ਈ ਗੋਰਾ! ਅਚੇਤ ਹੀ ਉਹਨੇ ਆਪਣੇ ਝੁਰੜੇ ਮੂੰਹ ਤੇ ਉਂਗਲਾਂ ਫੇਰੀਆਂ , ਅਣਮੁੰਨੀ ਦਾੜ੍ਹੀ ਰੜਕੀ, ਅੱਖਾਂ ਥੱਲੇ ਕਾਲਖ਼ ਦੀਆਂ ਛਾਈਆਂ ਕੁਝ ਗਰਮ ਜਿਹੀਆਂ ਹੋ ਗਈਆਂ ਜਾਪੀਆਂ...

ਇਕ ਬੜੀ ਵੱਡੀ ਛੱਲ ਸਮੁੰਦਰ ਵਿਚੋਂ ਉਠ ਕੇ ਸਾਰੇ ਡੈੱਕ ਵਿਚ ਖਿੱਲਰ ਗਈ ਸੀ। ਤੂਫ਼ਾਨਾਂ ਕਰ ਕੇ ਜਹਾਜ਼ ਦੋ ਦਿਨ ਪਛੜ ਕੇ ਕਲਕੱਤੇ ਲਗਿਆ। ਇਥੇ ਫ਼ਸਾਦਾਂ ਦਾ ਜ਼ੋਰ ਸੀ। ਸੰਤ ਸਿੰਘ, ਉਹਦਾ ਟੱਬਰ, ਤੇ ਮਤਾਬ ਰਾਤ ਨੂੰ ਈ ਗੱਡੀ ਚੜ੍ਹ ਗਏ। ਗੱਡੀ ਵਿਚ ਵੀ ਸਫ਼ਰ ਜਹਾਜ਼ ਜਿੰਨਾ ਹੀ ਔਖਾ

ਪੰਧ ਵੀ ਓਨਾ ਈ ਸੀ, ਪਰ ਹੁਣ ਉਨ੍ਹਾਂ ਨੂੰ ਕੋਈ ਏਡਾ ਤੌਖ਼ਲਾ ਨਹੀਂ ਸੀ-ਉਹ ਆਪਣੇ ਦੇਸ ਦੀ ਧਰਤੀ ਤੇ ਜੁ ਸਨ। ਰਾਹ ਵਿਚ ਉਨ੍ਹਾਂ ਕੁਝ ਅੰਬ ਖ਼ਰੀਦੇ। ਕੁਝ ਉਨ੍ਹਾਂ ਖਾ ਲਏ ਤੇ ਕੁਝ ਆਪੋ ਆਪਣੀ ਘਰੀਂ ਸੁਗਾਤ ਵਜੋਂ ਲਿਜਾਣ ਲਈ ਬੰਨ੍ਹ ਲਏ।

ਬਚਨੋ ਮਲਾਇਆ ਵਿਚ ਹੀ ਜੰਮੀ ਸੀ, ਤੇ ਪਹਿਲੀ ਵਾਰ ਦੇਸ ਆਈ ਸੀ। ਉਹਨੇ ਅੱਜ ਅੰਬ ਪਹਿਲੀ ਵਾਰ ਚੱਖਿਆ ਸੀ, ਉਹਨੂੰ ਇਹ ਬੜਾ ਹੀ ਲਗਿਆ। ਉਹਨੇ ਮਤਾਬ ਨੂੰ ਕਿਹਾ, ''ਚਾਚਾ, ਸਾਡਾ ਦੇਸ ਬੜਾ ਈ ਚੰਗਾ ਏ, ਓਨਾ ਈਓਂ ਚੰਗਾ ਜਿੰਨਾ ਤੂੰ ਕਹਿੰਦਾ ਸੀ।"

ਮਤਾਬ ਨੇ ਉਹਨੂੰ ਚੁੰਮ ਲਿਆ। ਉਹਦੇ ਮੂੰਹ ਵਿਚੋਂ ਅੰਬ ਦੀ ਵਾਸ਼ਨਾ ਆ ਰਹੀ ਸੀ। ਮਤਾਬ ਨੂੰ ਇਹ ਸੋਚ ਕੇ ਅਜੀਬ ਸੁਖ ਹੋਇਆ ਕਿ ਤਾਜੋ ਨੂੰ ਵੀ ਇਹ ਏਨਾ ਈ ਚੰਗਾ ਲਗੇਗਾ, ਤੇ ਉਹਦੀ ਮਾਂ ਨੂੰ ਵੀ, ਤੇ ਉਨ੍ਹਾਂ ਦੇ ਮੂੰਹਾਂ ਵਿਚੋਂ ਵੀ ਇੰਜ ਦੀ ਵਾਸ਼ਨਾ ਆਏਗੀ....

ਅਖ਼ੀਰ ਗੱਡੀ ਏਡਾ ਪੰਧ ਚੀਰ ਕੇ ਓਸ ਸਟੇਸ਼ਨ 'ਤੇ ਪੁਜ ਗਈ ਜਿਥੇ ਮਤਾਬ ਤੇ ਸੰਤ ਸਿੰਘ ਨੇ ਉਤਰਨਾ ਸੀ। ਸਟੇਸ਼ਨ ਤੇ ਅਜੀਬ ਘੁਟੀ ਘੁਟੀ ਫ਼ਿਜ਼ਾ ਸੀ। ਸਿੱਖ ਤੇ ਹਿੰਦੂ ਸਵਾਰੀਆਂ ਦੀਆਂ ਟੋਲੀਆਂ ਵੱਖ ਬੈਠੀਆਂ ਹੋਈਆਂ ਸਨ, ਮੁਸਲਮਾਨ ਸਵਾਰੀਆਂ ਦੀਆਂ ਵੱਖ। ਬੜੇ ਪੁਲਸੀਏ ਇਧਰ ਉਧਰ ਫਿਰ ਰਹੇ ਸਨ। ਮਤਾਬ ਤੇ ਸੰਤ ਸਿੰਘ ਨੇ ਅੱਗੇ ਕਦੇ ਸਟੇਸ਼ਨ ਤੇ ਏਨੀ ਪੁਲਿਸ ਨਹੀਂ ਸੀ ਵੇਖੀ, ਤੇ ਉਨ੍ਹਾਂ ਤਕਿਆ ਕਿ ਭੀਖ ਮੰਗਦੇ ਫ਼ਕੀਰ ਮੰਗਣ ਤੋਂ ਪਹਿਲਾਂ ਟੀਰੀ ਅੱਖ ਨਾਲ ਜਾਂਚ ਲੈਂਦੇ ਸਨ ਕਿ ਕਿਤੇ ਉਹ ਗ਼ੈਰ-ਮਜ਼ਹਬ ਵਾਲੇ ਕੋਲੋਂ ਤਾਂ ਨਹੀਂ ਸਨ ਮੰਗ ਰਹੇ।

ਸਟੇਸ਼ਨੋਂ ਬਾਹਰ ਨਿਕਲ ਕੇ ਸੰਤ ਸਿੰਘ ਨੇ ਇਕ ਟਾਂਗੇ ਵਾਲੇ ਨੂੰ ਬੁਲਾਇਆ। ਇਕ ਸਿੱਖ ਟਾਂਗੇ ਵਾਲਾ ਆ ਗਿਆ।

' 'ਭਾਈ, ਮੋਟਰਾਂ ਦੇ ਅੱਡੇ ਤੇ ਚਲਣਾਂ। ਤਿੰਨ ਸਵਾਰੀਆਂ ਤੇ ਇਕ ਬਾਲ ਊ। ਕੀ ਲਵੇਂਗਾ? "

ਟਾਂਗੇ ਵਾਲੇ ਨੇ ਮਤਾਬ ਵਲ ਇਸ਼ਾਰਾ ਕਰ ਕੇ ਪੁਛਿਆ, ''ਇਹ ਮੁਸਲਮਾਨ ਆ?"

' 'ਹਾਂ," ਹੈਰਾਨ ਸੰਤ ਸਿੰਘ ਨੇ ਹੁੰਗਾਰਾ ਭਰਿਆ।

' 'ਇਹਨੂੰ ਇਸ ਟਾਂਗੇ ਵਿਚ ਨਾ ਬਿਠਾਓ। ਜਿਧਰੋਂ ਮੈਂ ਜਾਣਾ ਏਂ, ਉਧਰੋਂ ਇਹਦੇ ਲਈ ਚੰਗਾ ਨਹੀਂ। ਤੁਸੀਂ ਜੰਮ ਜੰਮ ਚਲੋ।"

ਏਨੇ ਨੂੰ ਇਕ ਮੁਸਲਮਾਨ ਟਾਂਗੇ ਵਾਲਾ ਵੀ ਮਤਾਬ ਦੀਨ ਕੋਲ ਆ ਗਿਆ:

' 'ਮੋਟਰਾਂ ਦੇ ਅੱਡੇ ਜਾਣਾ ਜੇ? ਤੁਸੀਂ ਮੇਰੇ ਨਾਲ ਬਹਿ ਜਾਓ। ਸਰਦਾਰ ਦੇ ਟਾਂਗੇ ਨੇ ਜਿਧਰੋਂ ਲੰਘਣਾ ਏ, ਓਧਰ ਬਹੁਤੇ ਹਿੰਦੂ ਰਹਿੰਦੇ ਨੇ। ਮੈਂ ਮੁਸਲਮਾਨ ਮਹੱਲੇ ਵਿਚੋਂ ਲੰਘਾ ਲਜਾਊਂ। ਭਾਵੇਂ ਇੰਞ ਵਲਾ ਤਾਂ ਪਊ-ਪਰ ਬਚਾਅ ਏਸੇ ਵਿਚ ਈ ਆ।"

ਮਜਬੂਰੀਂ ਦੋਵੇਂ ਵੱਖ ਵੱਖ ਟਾਂਗਿਆਂ ਵਿਚ ਬਹਿ ਗਏ।

ਬਚਨੋ ਆਪਣੇ ਟਾਂਗੇ ਵਿਚ ਰੋਣ ਲੱਗ ਪਈ, "ਚਾਚਾ, ਤੂੰ ਕਿਥੇ ਤੂੰ ਤੇ ਕਹਿੰਦਾ ਸੀ, ਤੂੰ ਮੈਨੂੰ ਤਾਜੋ ਕੋਲ ਲੈ ਚਲੇਂਗਾ ਤੇ ਤਾਜੋ ਤੇ ਮੈਂ ਪੱਕੀਆਂ ਸਹੇਲੀਆਂ ਬਣ ਜਾਵਾਂਗੀਆਂ।"

ਸਿੱਖ ਟਾਂਗੇ ਵਾਲੇ ਨੇ ਘੋੜੇ ਨੂੰ ਚਾਬਕ ਮਾਰੀ। ਟਾਂਗਾ ਤੁਰ ਪਿਆ। ਹਾਲੀ ਵੀ ਮਤਾਬ ਚਾਚੇ ਨੂੰ ਬੁਲਾ ਰਹੀ ਸੀ।

ਭਾਵੇਂ ਮਤਾਬ ਦੇ ਟਾਂਗੇ ਨੂੰ ਵਲਾ ਪਾ ਕੇ ਵੀ ਆਉਣਾ ਪਿਆ ਸੀ। ਪਰ ਉਹ ਸੰਤ ਸਿੰਘ ਦੇ ਟਾਂਗੇ ਨਾਲੋਂ ਪਹਿਲਾਂ ਅੱਡੇ 'ਤੇ ਪੁਜ ਗਿਆ ਤੇ ਲਾਰੀ ਵਿਚ ਉਨ੍ਹਾਂ ਦੀ ਥਾਂ ਰਖਵਾ ਕੇ ਇਧਰ ਉਧਰ ਫਿਰਨ ਲਗ ਪਿਆ। ਸਾਹਮਣੇ ਹੀ ਇਕ ਆਟੇ ਦਾਣੇ ਦੀ ਦੁਕਾਨ ਸੀ। ਮਤਾਬ ਨੇ ਸੋਚਿਆ ਦੋ ਦੇਗ਼ਾਂ ਚੌਲਾਂ ਦੀਆਂ ਜੁ ਖੁਆਣੀਆਂ ਨੇ, ਭਾ ਹੀ ਪੁਛ ਲਵਾਂ। ਪਰ ਦੁਕਾਨਦਾਰ ਨੇ ਉਹਦੇ ਨਾਲ ਗਲ ਵੀ ਨਾ ਕੀਤੀ, ਸਿਰਫ਼ ਸਿਰ ਹਿਲਾ ਕੇ ਦੱਸ ਦਿੱਤਾ ਕਿ ਚੌਲ ਹੈ ਨਹੀਂ।

ਮਤਾਬ ਫੇਰ ਲਾਰੀ ਵਿਚ ਆ ਬੈਠਾ। ਹੁਣ ਤਾਜੋ ਤੇ ਉਹਦੀ ਮਾਂ ਸਮੁੰਦਰਾਂ ਦੀ ਵਿਥ ਤੇ ਨਹੀਂ ਸਨ। ਉਹਦਾ ਕਰਜ਼ਾ ਲਹਿ ਚੁਕਿਆ ਸੀ। ਹੁਣ ਪਿੰਡ ਵਿਚ ਉਹ ਅੱਗੇ ਨਾਲੋਂ ਬਹੁਤ ਸੁਖੀ ਹੋਣਗੇ। ਦਰਿਆ ਵੀ ਉਨ੍ਹਾਂ ਦੀ ਜ਼ਮੀਨ ਤੋਂ ਲਥ

ਗਿਆ ਸੀ, ਜ਼ਮੀਨ ਵਾਹਵਾ ਹੋ ਗਈ ਹੋਊ, ਤੇ ਨਾਲੇ ਲੋਕੀ ਆਖਦੇ ਸਨ ਹੁਣ ਆਜ਼ਾਦੀ ਮਿਲਣ ਵਾਲੀ ਆ, ਫ਼ਰੰਗੀਆਂ ਮਹੀਨੇ ਡੂਢ ਨੂੰ ਤੁਰ ਜਾਣਾਂ.......

ਕਾਫ਼ੀ ਦੇਰ ਹੋ ਗਈ ਸੀ, ਪਰ ਸੰਤ ਸਿੰਘ ਦਾ ਟਾਂਗਾ ਹਾਲੀ ਵੀ ਕਿਧਰੇ ਦਿਖਾਈ ਨਹੀਂ ਸੀ ਦੇ ਰਿਹਾ। ਲਾਰੀ ਵਾਲੇ ਨੇ ਦੱਸਿਆ ਕਿ ਉਹਨੇ ਘੰਟੇ ਨੂੰ ਹੈ। ਮਤਾਬ ਨੇ ਸੋਚਿਆ, ਕਾਫ਼ੀ ਵਕਤ ਹੈ, ਰਤਾ ਅਗੇਰੇ ਹੋ ਕੇ ਵਡੀ ਸੜਕ ਤਕ ਵੇਖ ਆਵਾਂ।

ਅਗਲੀ ਸੜਕ ਤੇ ਜਾ ਕੇ ਦੂਰ ਮੋੜ ਕੋਲੋਂ ਉਹਨੂੰ ਪਹਿਲਾਂ ਇਕ ਜ਼ੋਰ ਦੇ ਧਮਾਕੇ ਦੀ ਵਾਜ ਆਈ। ਫੇਰ ਓਥੇ ਉਹਨੂੰ ਇਕ ਟਾਂਗਾ ਡਿਗਿਆ ਪਿਆ ਦਿਸਿਆ। ਸੜਕ ਖਾਲੀ ਸੀ। ਉਹ ਓਧਰ ਨੂੰ ਤੇਜ਼-ਤੇਜ਼ ਤੁਰ ਪਿਆ। ਉਹਦਾ ਦਿਲ ਡਰ ਨਾਲ ਜੰਮ ਗਿਆ ਸੀ।

ਕੋਲ ਪੁਜ ਕੇ ਉਹਨੇ ਤਕਿਆ, ਸੰਤ ਸਿੰਘ ਤੇ ਉਹਦੀ ਵਹੁਟੀ ਦੀਆਂ ਲਾਸ਼ਾਂ ਭੈੜੀ ਤਰ੍ਹਾਂ ਕੱਟੀਆਂ ਵਢੀਆਂ ਪਈਆਂ ਸਨ। ਸੰਤ ਸਿੰਘ ਦੀਆਂ ਲੱਤਾਂ ਕੁਝ ਵਿਥ ’ਤੇ ਜਾ ਡਿਗੀਆਂ ਸਨ। ਬਚਨੋ ਦੀ ਮਾਂ ਦੀ ਛਾਤੀ ਵਿਚ ਇਕ ਲੋਹੇ ਦਾ ਟੁਕੜਾ ਵਜਿਆ ਹੋਇਆ ਸੀ, ਲਹੂ ਦੀ ਛਪੜੀ ਉਹਦੇ ਦੁਆਲੇ ਲਗੀ ਹੋਈ ਸੀ, ਤੇ ਉਹਦੀਆਂ ਬਾਹਵਾਂ ਇਕ ਪਾਸੇ ਨੂੰ ਟੱਡੀਆਂ ਹੋਈਆਂ ਸਨ। ਏਸ ਪਾਸੇ ਕੁਝ ਦੂਰ ਬਚਨੋ ਬੇਸੁਧ ਪਈ ਸੀ। ਉਹਦੀਆਂ ਬਾਹਵਾਂ ਤੇ ਮੱਥੇ ਤੋਂ ਲਹੂ ਸਿੰਮ ਰਿਹਾ ਸੀ। ਮਤਾਬ ਨੇ ਝਟ ਪਟ ਡਡਿਆ ਕੇ ਬਚਨੋ ਨੂੰ ਚੁਕ ਲਿਆ, ਉਹਦਾ ਪਿੰਡਾ ਹਾਲੀ ਨਿਘਾ ਸੀ ਤੇ ਉਹਨੂੰ ਸਾਹ ਆ ਰਿਹਾ ਸੀ।

ਮਤਾਬ ਬੇਹੋਸ਼ ਬਚਨੋ ਨੂੰ ਲੈ ਕੇ ਤੇਜ਼ੀ ਨਾਲ ਅੱਡੇ ਵਲ ਤੁਰ ਪਿਆ। ਮਾਂ ਪਿਓ ਮਹਿੱਟਰ ਬਚਨੋ ਉਤੇ ਮਤਾਬ ਦੇ ਅੱਥਰੂ ਫਰਨ ਫਰਨ ਡੁੱਲ੍ਹ ਰਹੇ ਸਨ। ਇਹ ਪਹਿਲੀ ਵਾਰੀ ਆਪਣੇ ਦੇਸ ਆਈ ਸੀ, ਮਤਾਬ ਨੇ ਸੋਚਿਆ, ਤੇ ਕਿਵੇਂ ਸੰਤ ਸਿੰਘ ਤੇ ਉਹ ਦੇਸ ਆਉਣ ਦੀ ਤਾਂਘ ਵਿਚ ਇਕੱਠੇ ਰਿਕਸ਼ਾ ਚਲਾਂਦੇ ਰਹੇ ਸਨ, ਕਿਵੇਂ ਸੰਤ ਸਿੰਘ ਦੇਸ ਦੀ ਘੋਨੀ ਕਣਕ ਦੀ ਰੋਟੀ ਲਈ ਸਹਿਕਦਾ ਹੁੰਦਾ ਸੀ! ਬਚਨੋ ਦੀ ਮਾਂ ਨੇ ਹਾਲੀ ਉਹ ਰੇਸ਼ਮੀ ਸੁੱਥਣ ਸੁਆਣੀ ਸੀ! ਕਿਵੇਂ ਚਿਰਾਂ ਵਿਛੁੰਨੇ ਦੇਸ਼ ਦੀ ਹਰ ਸ਼ੈ ਬੜੇ ਚਾਅ ਨਾਲ ਉਹ ਆਪਣੀਆਂ ਅੱਖਾਂ ਵਿਚ ਰਚਾ ਲੈਣਾ

ਚਾਹੁੰਦੇ ਸਨ! ਹੁਣੇ ਈ ਉਹ ਦੋਵੇਂ ਜਿਉਂਦੇ ਸਨ, ਜ਼ਿੰਦਗੀ ਦੀਆਂ ਨਿੱਕੀਆਂ ਆਸਾਂ ਨਾਲ ਧੜਕਦੇ, ਤੇ ਹੁਣ ਸਿਰਫ਼ ਬਚਨੋ ਏਸ ਸਭ ਕਾਸੇ ਦੀ ਕਬਰ ਤੇ ਇਕੋ ਇਕ ਜ਼ਿੰਦਗੀ ਦੀ ਚਿਣਗ ਬਾਕੀ ਰਹਿ ਗਈ ਸੀ,... ਉਹ ਇਹਨੂੰ ਕਦੇ ਬੁਝਣ ਨਹੀਂ ਦਏਗਾ, ਕਦੇ ਵੀ ਨਹੀਂ....

' 'ਬਚਨੋ, ਮੈਂ ਮਤਾਬ, ਤੈਨੂੰ ਪਾਲੂੰ। ਆਪਣੀ ਤਾਜੋ ਵਾਂਗ। ਤੁਸੀਂ ਪੱਕੀਆਂ ਸਹੇਲੀਆਂ ਨਹੀਂ, ਭੈਣਾਂ ਬਣੋਗੀਆਂ, " ਮਤਾਬ ਉੱਚੀ ਉੱਚੀ ਬੇਹੋਸ਼ ਬਚਨੋ ਨੂੰ ਸੁਣਾ ਰਿਹਾ ਸੀ।

ਸ਼ੈਦ ਬਚਨੋ ਨੇ ਸੁਣ ਲਿਆ, ਉਹਨੇ ਅੱਖਾਂ ਫਰਕੀਆਂ, ''ਚਾਚਾ....ਤੂੰ.... "

ਅਚਾਨਕ ਪਿਛੋਂ ਮਤਾਬ ਦੇ ਕਿਸੇ ਛੁਰਾ ਖੋਭ ਦਿੱਤਾ। ਬੇਸੁਰਤ ਬਚਨੋ ਉਹਦੀਆਂ ਬਾਹਵਾਂ ਵਿਚੋਂ ਡਿਗ ਪਈ।

' 'ਏਸ ਛੋਟੇ ਸੱਪ ਨੂੰ ਵੀ ਝਟਕਾ ਛਡੋ, " ਮਤਾਬ ਦੇ ਮਰਦੇ ਕੰਨਾਂ ਨੇ ਸੁਣਿਆ-ਤੇ ਫੇਰ ਇਕ ਬਾਲੜੀ ਚੀਕ।

ਮਤਾਬ ਨੇ ਅੰਤਾਂ ਦੀ ਪੀੜ ਜਰ ਕੇ ਵੀ ਬਚਨੋ ਵਲ ਆਪਣੀਆਂ ਬਹਾਵਾਂ ਵਧਾਣ ਦਾ ਜਤਨ ਕੀਤਾ, ਪਰ ਇਹ ਉਹਦੀ ਵਿਤੋਂ ਵਧ ਸੀ, ''ਬਚਨੋ....ਤਾਜੋ.... " ਤੇ ਉਹਦੀਆਂ ਬਾਹਵਾਂ ਓਸ ਪਾਸੇ ਵੱਲ ਨੂੰ ਡਿਗ ਪਈਆਂ।

ਕਰਫ਼ਿਊ ਦਾ ਸਾਇਰਨ ਚੀਕ ਰਿਹਾ ਸੀ, ਉਸ ਪਿੰਡ ਦੇ ਕੁੱਤਿਆਂ ਦੇ ਰੋਣ ਵਾਂਗ ਜਿਦ੍ਹੇ ਉਤੇ ਮੌਤ ਆਣ ਵਾਲੀ ਹੋਵੇ। ਸੜਕ ਉਤੇ ਗੋਰਾ ਫ਼ੌਜ ਦੇ ਸਿਵਾ ਕੋਈ ਨਹੀਂ ਸੀ।

# ਸੁਨੇਹਾ

"ਤੁਸੀਂ ਤਾਂ ਜਾਣਦੇ ਈ ਓ ਸਰਦਾਰ ਜੀ, ਆਜ਼ਾਦੀ ਤੋਂ ਪਹਿਲਾਂ ਦਾ ਮੈਂ ਏਸੇ ਰੂਟ ਉਤੇ ਬੱਸ ਚਲਾ ਰਿਹਾ ਆਂ। ਉਦੋਂ ਅੱਧੇ ਤੋਂ ਵੱਧ ਰਾਹ ਕੱਚਾ ਸੀ। ਹੁਣ ਤਾਂ ਤੋੜ ਪੱਕੇ ਗੋਲੇ ਦੀ ਬਾਦਸ਼ਾਹੀ ਏ। ਉਦੋਂ ਸ਼ਹਿਰੋਂ ਬਾਹਰ ਹੋਏ ਨਹੀਂ, ਤੇ ਬੱਸ ਬਿਜਲੀ ਦਾ ਲਾਟੂ ਲੋਪ, ਤੇ ਹੁਣ ਸੁੱਖ ਨਾਲ ਸਾਰੀ ਵਾਟ ਹੀ ਕਈ ਥਾਈਂ ਲਾਟੂਆਂ ਦੀ ਝਿਲਮਿਲ, ਤੇ ਕਈ ਥਾਈਂ ਬੰਬੀਆਂ ਦੀ ਘੂਕਰ।

"ਨਾਲੇ ਬੜਾ ਵਧੀਆ ਕਾਨੂੰਨ ਬਣ ਗਿਆ ਏ। ਸਾਨੂੰ ਹੁਕਮ ਹੋ ਗਿਆ ਏ ਕਿ ਬਾਰਾਂ ਵਰ੍ਹਿਆਂ ਤੋਂ ਘੱਟ ਉਮਰ ਦੇ ਮੁੰਡੇ-ਕੁੜੀਆਂ ਨੂੰ ਸਕੂਲੇ ਜਾਂਦਿਆਂ ਜਾਂ ਛੁੱਟੀ ਵੇਲੇ ਘਰ ਆਉਂਦਿਆਂ ਬੱਸ ਵਿਚ ਮੁਫ਼ਤ ਚੜ੍ਹਾਇਆ ਜਾਏ।

"ਹਾਂ, ਕਈ ਤਾਂ ਸ਼ੱਕ ਕਰਦੇ ਨੇ ਕਿ ਇਹ ਕਾਨੂੰਨ ਵੋਟਾਂ ਪੈਣ ਤੱਕ ਹੀ ਲਾਗੂ ਏ, ਪਿੱਛੋਂ ਕਿਸੇ ਨਹੀਂ ਪੁੱਛਣਾ।

"ਹਾਂ ਸਰਦਾਰ ਜੀ, ਮੈਂ ਤਾਂ ਇਕ ਜ਼ਮਾਨੇ ਤੋਂ ਬਾਲਾਂ ਨੂੰ ਚਾੜ੍ਹ ਲੈਂਦਾ ਹੁੰਦਾ ਸਾਂ, ਉਦੋਂ ਵੀ ਜਦੋਂ ਮੇਰੀ ਸਾਰੀ ਰੂਟ ਉਤੇ ਸਹੁੰ ਖਾਣ ਨੂੰ ਇਕ ਸਕੂਲ ਨਹੀਂ ਸੀ ਹੁੰਦਾ, ਹੁਣ ਤੇ ਆਜ਼ਾਦੀ ਪਿੱਛੋਂ ਸੁੱਖ ਨਾਲ ਬੜੇ ਸਕੂਲ ਖੁੱਲ੍ਹੇ ਨੇ, ਭਾਵੇਂ ਪੜ੍ਹਨ ਵਾਲਿਆਂ ਦੀ ਗਿਣਤੀ ਨਾਲ ਹਾਲੇ ਵੀ ਸਕੂਲਾਂ ਦੀ ਗਿਣਤੀ ਮੇਚੇ ਨਹੀਂ ਆਈ, ਪਰ ਕਈ ਡਰੈਵਰ ਬੜੇ ਅੜਬ ਹੁੰਦੇ ਨੇ ਜੀ, ਉਨ੍ਹਾਂ ਨੂੰ ਹੁਣ ਏਸ ਕਾਨੂੰਨ ਕਰ ਕੇ ਬੱਚੇ ਚੜ੍ਹਾਉਣੇ ਪੈਣਗੇ।

"ਮੈਨੂੰ ਇਕ ਵਾਰ ਦੀ ਗੱਲ ਚੇਤੇ ਆ ਗਈ। ਉਦੋਂ ਹਾਲੀਂ ਇਹ ਦੋ ਮੀਲ ਦਾ ਟੋਟਾ ਕੱਚਾ ਹੁੰਦਾ ਸੀ। ਮੈਨੂੰ ਮੁਹਰਕਾ ਤਾਪ ਹੋ ਗਿਆ। ਮੇਰੇ ਇਵਜ਼ੀ ਸੁਰੈਣ ਸਿੰਘ ਡਰੈਵਰ ਆਇਆ। ਸਿਖਰ ਦੁਪਹਿਰੇ ਕਿਤਾਬਾਂ ਫੜੀ ਬੱਚੇ ਨੰਗੀ ਪੈਰੀਂ ਪਏ ਭੁੱਜਣ, ਪਰ ਉਹ ਪਿਉ ਦਾ ਪੁੱਤ ਬੱਸ ਹੀ ਨਾ ਰੋਕੇ! ਬਾਲ ਵੀ ਬੜੇ ਢੰਗੀ ਹੁੰਦੇ ਨੇ। ਉਨ੍ਹਾਂ ਕੱਚੇ ਟੋਟੇ ਦੀ ਪੁਲੀ ਵਿਚੋਂ ਇੱਟਾਂ ਕੱਢ ਛੱਡੀਆਂ। ਬੜੀ ਖੱਜਲ-ਹੋਈ, ਪਰ ਸੁਰੈਣ ਸਿੰਘ ਨੇ ਅੱਗਿਉਂ ਲਈ ਕੰਨਾਂ ਨੂੰ ਹੱਥ ਲਾ ਲਏ ਤੇ ਬੱਚਿਆਂ

ਲਈ ਰੋਜ਼ ਬੱਸ ਰੋਕਣ ਲੱਗ ਪਿਆ। ਜਿਸ ਸੁਰੈਣੇ ਤੋਂ ਫੰਨੇ ਖਾਂ ਅੱਡੇ ਕੰਟਰੋਲਰ ਤ੍ਰਹਿੰਦੇ ਹੁੰਦੇ ਸਨ, ਉਹਨੂੰ ਨਿੱਕੇ-ਨਿੱਕੇ ਬੱਚਿਆਂ ਨੇ ਬੰਦਾ ਬਣਾ ਲਿਆ।

"ਬਸਤੇ ਕੱਛੇ ਮਾਰੀ, ਪੈਰੋਂ ਨੰਗੇ ਬਾਲਾਂ ਨੂੰ ਜਦੋਂ ਬੱਸ ਵਿਚ ਬਿਠਾ ਲਈਏ ਤਾਂ ਉਹ ਜਿਵੇਂ ਮਿੱਠਾ ਮਿੱਠਾ ਤੁਹਾਡੇ ਵੱਲ ਤੱਕਦੇ ਨੇ, ਉਨ੍ਹਾਂ ਦੇ ਮੂੰਹਾਂ ਉਤਲੀ ਖੁਸ਼ੀ ਤੱਕ ਕੇ ਪਲ ਦੀ ਪਲ ਤਾਂ ਸੱਜਰੇ ਹੋਏ ਚਲਾਨ ਦਾ ਦੁੱਖ ਵੀ ਜਾਂਦਾ ਏ। ਤੇ ਇਹ ਵੀ ਵਿਸਰ ਜਾਂਦਾ ਕਿ ਪਹਿਲੀ ਤਰੀਕ ਕਦੋਂ ਦੀ ਚੜ੍ਹੀ ਹੋਈ ਏ, ਤੇ ਦਫਤਰ ਵੱਲੋਂ ਤਲਬ ਮਿਲਣ ਦੀ ਹਾਲੀ ਕੋਈ ਉਘ-ਸੁੱਘ ਨਹੀਂ। ਸਹੁੰ ਰੱਬ ਕਿਸੇ ਵਧੀਆ ਤੋਂ ਵਧੀਆ ਵਲੈਤੀ ਸ਼ਰਾਬ ਨੇ ਵੀ ਕੀ ਗਮ ਗਲਤ ਕਰਨਾ ਏਂ!

"ਜਦੋਂ ਦਾ ਇਹ ਨਵਾਂ ਕਾਨੂੰਨ ਬਣਿਆ ਏ, ਬੜੇ ਸਾਰੇ ਮੁੰਡੇ ਛੁੱਟੀ ਹੋਣ 'ਤੇ ਨਹਿਰ ਦੇ ਪੁਲ ਲਾਗੇ ਅੰਬਾਂ ਥੱਲੇ ਬਹਿ ਕੇ ਬੱਸ ਉਡੀਕਦੇ ਰਹਿੰਦੇ ਨੇ। ਕੋਈ ਉਥੇ ਹੀ ਘਰ ਦੇ ਕੰਮ ਲਈ ਮਿਲੇ ਸਵਾਲ ਕੱਢਣ ਲੱਗ ਪੈਂਦਾ ਏ, ਕੋਈ ਘਾਹ ਉਤੇ ਬਿੰਦ ਕੁ ਟੇਢਾ ਹੋ ਲੈਂਦਾ ਏ। ਤੇ ਜਦੋਂ ਪੁਲ ਕੋਲ ਪੁੱਜ ਕੇ ਉਨ੍ਹਾਂ ਲਈ ਮੈਂ ਬੱਸ ਰੋਕਦਾ ਆਂ, ਤਾਂ ਉਹ ਨੱਚਦੇ-ਨੱਚਦੇ ਆ ਮੇਰੇ ਦੁਆਲੇ ਹੁੰਦੇ ਨੇ। ਤੇ ਮੈਂ ਉਨ੍ਹਾਂ ਨੂੰ ਕਹਿਨਾਂ ਵਾਂ, "ਹੁਣ ਤੁਸੀਂ ਲਿਹਾਜ਼ੀ ਨਹੀਂ ਚੜ੍ਹ ਰਹੇ, ਸਾਡਾ ਦੇਸ਼ ਆਜ਼ਾਦ ਹੋ ਗਿਆ ਏ, ਤੇ ਉਹਨੇ ਪੜ੍ਹਨ ਵਾਲੇ ਪੁੱਤਰਾਂ-ਧੀਆਂ ਨੂੰ ਬੱਸ ਦੀ ਸਵਾਰੀ ਦਾ ਹੱਕ ਦੇ ਏ।"

"ਮੇਰੀ ਜ਼ਿੰਦਗੀ ਬਾਰੇ ਪੁੱਛਿਆ ਜੇ ਸਰਦਾਰ ਜੀ? ਜ਼ਿੰਦਗੀ ਖੂਬ ਏ, ਤੇ ਖੂਬ ਲੰਘ ਰਹੀ ਏ। ਸਾਡੇ ਕਿੱਤੇ ਵਿਚ ਜ਼ਿੰਦਗੀ ਨਿੱਤ ਨਵੀਂ ਹੁੰਦੀ ਰਹਿੰਦੀ ਏ, ਨਿੱਤ ਨਵੇਂ ਲੋਕਾਂ ਨਾਲ ਵਾਹ ਜੂ ਪਿਆ ਰਹਿੰਦਾ ਹੈ। ਪਿੰਡੋਂ ਸ਼ਹਿਰ ਸੁਨੇਹੇ ਪੁਚਾਈਦੇ ਨੇ, ਸ਼ਹਿਰੋਂ ਚੀਜ਼ਾਂ ਪਿੰਡ ਕਈਆਂ ਲਈ ਲਿਆਈਦੀਆਂ ਨੇ।

"ਏਨਾ ਪੁਰਾਣਾ ਏਸ ਰੂਟ ਉਤੇ ਚੱਲਣ ਕਰ ਕੇ ਸੁਨੇਹਿਆਂ ਤੇ ਚੀਜ਼ਾਂ ਲਿਆਉਣ ਦੀ ਕਾਫੀ ਭਰਮਾਰ ਰਹਿੰਦੀ ਏ, ਪਰ ਮੈਂ ਵੀ ਕਦੇ ਵਗਾਰ ਨਹੀਂ ਜਾਣੀ। ਰਤਾ ਕੁ ਖੇਚਲ ਨਾਲ ਅਗਲੇ ਦਾ ਏਨਾ ਕੰਮ ਸੌਰ ਜਾਂਦਾ ਏ। ਤੇ ਲੋਕਾਂ ਦੇ ਖੁਸ਼ ਮੂੰਹਾਂ ਦਾ ਸੁਖਾਵਾਂ ਚੇਤਾ ਰਾਤ ਨੂੰ ਇੰਜ ਨੀਂਦਰ ਲਿਆਉਂਦਾ ਏ, ਜਿਵੇਂ ਕਿਤੇ ਆਪਣੇ

ਟੱਬਰ ਤੋਂ ਦੂਰ ਬੱਸ ਦੀ ਕਰੜੀ ਛੱਤ ਉਤੇ ਨਹੀਂ, ਸਗੋਂ ਫੁੱਲਾਂ ਦੀ ਸੇਜ ਉਤੇ ਆਂ!

"ਸੁਨੇਹੇ ਤੇ ਚੀਜ਼ਾਂ ਪੁਛਦੇ ਓ ਸਰਦਾਰ ਜੀ? ਸੁਨੇਹਿਆਂ ਤੇ ਚੀਜ਼ਾਂ ਦੀਆਂ ਵੀ ਅਨੇਕਾਂ ਕਿਸਮਾਂ ਨੇ। ਕੋਈ ਨਤੀਜੇ ਵਾਲੇ ਦਿਨ ਦੀ ਅਖਬਾਰ ਲੁਕੋ ਕੇ ਮੰਗਵਾਂਦਾ ਏ, ਕੋਈ ਬਿਮਾਰ ਵਹੁਟੀ ਲਈ ਟੀਕੇ ਮੰਗਵਾਂਦਾ ਏ, ਕਿਸੇ ਦੇ ਘਰ ਕੋਈ ਬਹੁਤ ਟੈਂ ਵਾਲਾ ਪ੍ਰਾਹੁਣਾ ਆਇਆ ਹੁੰਦਾ ਏ ਜਿਦ੍ਹੀ ਸੇਵਾ ਸ਼ਹਿਰੋਂ ਫਲ, ਸਬਜ਼ੀ ਮੰਗਵਾਏ ਬਿਨਾਂ ਊਣੀ ਰਹਿੰਦੀ ਏ। ਕਦੇ ਸ਼ਹਿਰ ਦੇ ਵੱਡੇ ਹਸਪਤਾਲ ਵਿਚ ਕਿਸੇ ਦਾ ਸਬੰਧੀ ਦਾਖਲ ਹੁੰਦਾ ਏ, ਉਹਦੇ ਲਈ ਘਰ ਦਾ ਦੁੱਧ ਪੁਚਾਣਾ ਪੈਂਦਾ ਏ। ਤੇ ਪਿੰਡ ਦੀਆਂ ਰੁੱਤ-ਰੁੱਤ ਦੀਆਂ ਨਿਆਮਤਾਂ ਗੰਨੇ, ਸਰ੍ਹੋਂ ਦਾ ਸਾਗ, ਡੇਲੇ ਤੇ ਹੋਰ ਕਈ ਕੁਝ- ਕਿਸੇ ਦਾ ਕਿਸੇ ਲਈ ਸ਼ਹਿਰ ਪੁਚਾਣਾ ਹੁੰਦਾ ਏ। ਸ਼ਹਿਰ ਵਾਲੇ ਅੱਡੇ ਉਤੇ ਏਸ ਪਿੰਡ ਦੇ ਇਕ ਚੰਗੇ ਹਲਵਾਈ ਦੀ ਦੁਕਾਨ ਏ, ਉਹਦੇ ਹਵਾਲੇ ਸਭ ਜਾ ਕਰੀਦਾ ਏ। ਅੱਗਿਉਂ ਜਿਦ੍ਹਾ ਸੁਨੇਹਾ ਜਾਂ ਚੀਜ਼ ਹੁੰਦੀ ਏ, ਉਹ ਆਪ ਲੈ ਜਾਂਦਾ ਏ।

"ਤੁਹਾਡੇ ਵਰਗੇ ਪੜ੍ਹੇ-ਲਿਖੇ ਗੱਭਰੂਆਂ ਲਈ ਤਾਂ ਕਦੇ-ਕਦਾਈਂ ਜੂੜੇ ਫਬਾਈ, ਐਨਕਾਂ ਵਾਲੀਆਂ ਮੁਟਿਆਰ ਕੁੜੀਆਂ ਦੇ ਸੁਨੇਹੇ ਵੀ ਲਿਆਈਏ ਨੇ! ਹੁਣ ਕਾਗਾਂ ਹੱਥ ਨਹੀਂ, ਡਰੈਵਰਾਂ ਹੱਥ ਸੁਨੇਹੇ ਆਉਂਦੇ ਨੇ।

"ਤੁਹਾਨੂੰ ਮੈਂ ਨਾਂ ਨਹੀਂ ਦੱਸਦਾ। ਕਾਗਾਂ ਨੇ ਭੇਤ ਲੁਕੋ ਰੱਖਣ ਦੀ ਬੜੀ ਚੰਗੀ ਪਿਰਤ ਪਾਈ ਏ। ਅਸੀਂ ਡਰੈਵਰ ਏਸ ਪਿਰਤ ਦੀ ਉਲੰਘਣਾ ਨਹੀਂ ਕਰਦੇ। ਇਕ ਦਿਨ ਇਕ ਬੜੀ ਚੰਗੀ-ਚੰਗੀ ਲਗਦੀ ਕੁੜੀ ਸ਼ਹਿਰ ਦੇ ਅੱਡੇ 'ਤੇ ਮੈਨੂੰ ਤੁਹਾਡੇ ਪਿੰਡ ਦੇ ਇਕ ਚੰਗੇ ਪੜ੍ਹੇ-ਲਿਖੇ ਮੁੰਡੇ ਲਈ ਚਿੱਠੀ ਫੜਾ ਗਈ। ਜਦੋਂ ਮੇਰੀ ਬੱਸ ਤੁਹਾਡੇ ਪਿੰਡ ਪੁੱਜੀ, ਅੱਗੇ ਹੀ ਉਹ ਮੁੰਡਾ ਖੜੋਤਾ ਸੀ। ਉਹਨੇ ਚਿੱਠੀ ਲੈ ਮੇਰੇ ਵੱਲ ਇੰਜ ਤੱਕਿਆ ਜਿਵੇਂ ਮੈਂ ਉਹਦੇ ਲਈ ਸੱਤ ਸਵਰਗ ਲੈ ਆਇਆ ਅਗਲੀ ਸਵੇਰੇ ਇਹ ਮੁੰਡਾ ਦਸ ਮਿੰਟ ਬੱਸ ਚੱਲਣ ਤੋਂ ਪਹਿਲਾਂ ਈ ਮੇਰੀ ਬੱਸ ਵਿਚ ਆਣ ਬੈਠਾ। ਉਹਦੇ ਹੱਥ ਵਿਚ ਚਿੱਟੇ ਤੇ ਗੁਲਾਬੀ ਕੰਵਲਾਂ ਦੇ ਕੁਝ ਫੁੱਲ ਸਨ। ਇਨ੍ਹਾਂ ਫੁੱਲਾਂ ਵਰਗਾ ਹੀ ਖੇੜਾ ਉਸ ਮੁੰਡੇ ਦੇ ਮੂੰਹ ਉਤੇ ਸੀ। ਅੱਗੇ ਜਦੋਂ ਵੀ ਉਹ ਸ਼ਹਿਰ ਜਾਂਦਾ ਹੁੰਦਾ ਸੀ, ਨੱਸਦਾ-ਭੱਜਦਾ ਬੱਸ ਫੜਦਾ ਸੀ, ਤੇ ਖਿੜਿਆ-

ਖਪਿਆ ਹੁੰਦਾ ਸੀ। ਤੇ ਅੱਜ ਵਾਲਾ ਉਹਦਾ ਖਿੜਿਆ ਟਹਿਕਿਆ ਮੂੰਹ ਮੈਨੂੰ ਉਹਦਾ ਮੂੰਹ ਨਹੀਂ ਸੀ ਜਾਪ ਰਿਹਾ। ਮੇਰੀ ਬੱਸ ਵਿਚ ਏਨੇ ਵਰ੍ਹੇ ਹਜ਼ਾਰਾਂ ਮੁਸਾਫਰ ਚੜ੍ਹੇ ਉਤਰੇ ਨੇ, ਸੈਆਂ ਸ਼ੈਆਂ ਆਈਆਂ ਗਈਆਂ ਨੇ ਪਰ ਅਜਿਹੇ ਮੂੰਹ ਵਾਲਾ ਕਦੇ ਕੋਈ ਨਹੀਂ ਸੀ ਚੜ੍ਹਿਆ, ਕੰਵਲ ਦੇ ਫੁੱਲ ਕਦੇ ਕਿਸੇ ਨਹੀਂ ਸਨ ਖੜੇ।

"ਅਗਲੇ ਮੋੜ ਦੇ ਖੱਬੇ ਬੰਨੇ ਜਿਹੜਾ ਗਿੱਲਾਂ ਦਾ ਛੱਪੜ ਏ, ਉਹ ਦਾ ਸਾਰਾ ਕੰਵਲਾਂ ਨਾਲ ਹੀ ਤੇ ਭਰਿਆ ਏ। ਚਾਰ-ਪੰਜ ਕਨਾਲਾਂ ਥਾਂ ਹੋਏਗਾ, ਪਰ ਇਥੋਂ ਦੇ ਲੋਕੀਂ ਇਹ ਕਦੇ ਨਹੀਂ ਕਹਿੰਦੇ, 'ਕੰਵਲ ਲਾਏ ਹੋਏ ਨੇ' , ਸਗੋਂ ਕਹਿੰਦੇ ਨੇ, 'ਭੇ ਲਾਏ ਹੋਏ ਨੇ।' ਤੇ ਸਾਉਣ ਵਿਚ ਬੋਰੀਆਂ ਦੀਆਂ ਬੋਰੀਆਂ ਭੇ ਏਥੋਂ ਕੱਢ ਕੇ ਮੇਰੀ ਬੱਸ ਉਤੇ ਲੱਦੇ ਜਾਂਦੇ ਨੇ, ਕੌਲ ਚੱਪਣੀਆਂ ਸ਼ਹਿਰ ਭੇਜੀਆਂ ਜਾਂਦੀਆਂ ਹਨ, ਪਰ ਅੱਜ ਤੱਕ ਕੰਵਲ ਫੁੱਲ ਕਿਸੇ ਮੇਰੀ ਬੱਸ ਵਿਚ ਨਹੀਂ ਸਨ ਖੜੇ!

ਸ਼ਹਿਰ ਜਦੋਂ ਬੱਸ ਪੁੱਜੀ, ਉਹ ਚਿੱਠੀ ਵਾਲੀ ਕੁੜੀ ਏਸ ਕੰਵਲ ਫੁੱਲਾਂ ਵਾਲੇ ਮੁੰਡੇ ਨੂੰ ਉਡੀਕ ਰਹੀ ਸੀ। ਸ਼ਾਮ ਨੂੰ ਅਖੀਰਲੀ ਬੱਸ ਉਤੇ ਉਹੀ ਕੁੜੀ ਉਸ ਮੁੰਡੇ ਨੂੰ ਛੱਡਣ ਆਈ। ਹੁਣ ਕੰਵਲ ਫੁੱਲ ਉਸ ਕੁੜੀ ਦੇ ਹੱਥ ਵਿਚ ਸਨ।

ਸਾਰੀਆਂ ਸਵਾਰੀਆਂ ਬਹਿ ਗਈਆਂ, ਸਾਮਾਨ ਤੇ ਹੋਰ ਨਿੱਕ-ਸੁੱਕ ਲੱਦ ਲਿਆ ਗਿਆ, ਪਰ ਉਹ ਦੋਵੇਂ ਅਖੀਰ ਤੱਕ ਬਾਹਰ ਚੁੱਪ-ਚਾਪ ਖੜੋਤੇ ਰਹੇ। ਇਕ-ਦੂਜੇ ਨੂੰ ਤੱਕਦੇ ਰਹੇ। ਦੋਵਾਂ ਦੀ ਨੀਝ ਸੀ ਕਿ ਇਕ ਡੀਕ ਸੀ, ਜਿਹੜੀ ਟੁੱਟ ਕੇ ਵੀ ਅਖੀਰਲੇ ਕਤਰੇ ਤੱਕ ਪੀ ਲੈਣਾ ਚਾਹੁੰਦੀ ਸੀ। ਤੁਰਦੀ ਬੱਸ ਵਿਚ ਮੁੰਡਾ ਚੜ੍ਹਿਆ, ਪਰ ਫੇਰ ਵੀ ਪਿਛਾਂਹ ਤਕਦਾ ਰਿਹਾ।

"ਕਵਿਤਾ- ਸਾਨੂੰ ਕਿਥੇ? ਹਾਂ, ਕਵਿਤਾ ਪੜ੍ਹਨ ਦਾ ਸ਼ੌਕ ਜ਼ਰੂਰ ਏ।

"ਕਹਾਣੀਆਂ ਵੀ ਪੜ੍ਹੀਦੀਆਂ ਨੇ, ਪਰ ਪਤਾ ਨਹੀਂ ਜਿਹੋ ਜਿਹੀਆਂ ਜ਼ਿੰਦਗੀ ਵਿਚ ਨਿੱਤ ਬੀਤਦੀਆਂ ਤੱਕੀਦੀਆਂ ਨੇ, ਉਹੋ ਜਿਹੀਆਂ ਲਿਖਣ ਵਾਲੇ ਕਿਉਂ ਨਹੀਂ ਲਿਖਦੇ?

"ਹਾਂ ਇਹ ਠੀਕ ਏ, ਸਾਡੀ ਨਿੱਤ ਦੀ ਮੁਸਾਫਰੀ ਵਾਲੀ ਜ਼ਿੰਦਗੀ ਵਿਚ ਬੜਾ ਕੁਝ ਵਾਪਰਦਾ ਰਹਿੰਦਾ ਏ। ਜੇ ਕਿਤੇ ਮੈਨੂੰ ਕਹਾਣੀ ਲਿਖਣੀ ਆਉਂਦੀ ਹੁੰਦੀ,

ਤਾਂ ਮੈਂ ਕਈ ਕੁਝ ਕਲਮਬੰਦ ਕਰਦਾ। ਇਨ੍ਹਾਂ ਮੇਰੀਆਂ ਕਹਾਣੀਆਂ ਵਿਚ ਹੁਨਰ ਦਾ ਤਾਂ ਪਤਾ ਨਹੀਂ, ਪਰ ਤੁਹਾਡੀ ਸਹੁੰ, ਜਿਉਂਦੀਆਂ-ਜਿਉਂਦੀਆਂ ਜ਼ਰੂਰ ਜਾਪਦੀਆਂ।

"ਨਹੀਂ- ਜੇ ਮੈਨੂੰ ਕਹਾਣੀ ਲਿਖਣੀ ਆਉਂਦੀ ਤਾਂ ਮੈਂ ਸਭ ਤੋਂ ਪਹਿਲਾਂ ਕੰਵਲ ਦੇ ਫੁੱਲਾਂ ਵਾਲੇ ਮੁੰਡੇ ਤੇ ਕੁੜੀ ਦੀ ਕਹਾਣੀ ਨਾ ਲਿਖਦਾ। ਇਕ ਹੋਰ ਕਹਾਣੀ ਲਿਖਦਾ। ਇਕ ਨਿੱਕੇ ਜਿਹੇ ਮੁੰਡੇ, ਬੱਸ ਅੱਠ-ਨੌਂ ਵਰ੍ਹਿਆਂ ਦੇ ਬਾਲਕੇ ਨੇ ਆਪਣੇ ਪਿਉ ਕੋਲ ਪੁਚਾਣ ਲਈ ਮੈਨੂੰ ਇਕ ਵਾਰ ਸੁਨੇਹਾ ਦਿੱਤਾ ਸੀ। ਏਸ ਮੁੰਡੇ ਤੇ ਏਸ ਸੁਨੇਹੇ ਦੀ ਕਹਾਣੀ ਮੈਂ ਸਭ ਤੋਂ ਪਹਿਲੋਂ ਲਿਖਦਾ। ਇਹ ਉਨ੍ਹਾਂ ਦਿਨਾਂ ਦੀ ਗੱਲ ਏ ਜਦੋਂ ਏਸ ਇਲਾਕੇ ਦੇ ਪਿੰਡਾਂ ਵਿਚ ਨਵੀਂ ਬਿਜਲੀ ਆਈ ਸੀ। ਮੇਰਾ ਨੱਚਣ ਨੂੰ ਚਿੱਤ ਕਰਦਾ ਸੀ। ਬਿਜਲੀ, ਮੇਰੇ ਲੋਕਾਂ ਲਈ ਚਾਨਣ! ਪਰ ਲੋਕੀਂ ਮੇਰੇ ਵਾਂਗ ਨੱਚ-ਨੱਚ ਨਹੀਂ ਸਨ ਪੈਂਦੇ, ਤੇ ਮੈਨੂੰ ਸਮਝ ਨਹੀਂ ਸੀ ਆਉਂਦੀ। ਇਨ੍ਹੀਂ ਦਿਨੀਂ ਦਿਨ ਨਹਿਰ ਦੇ ਪੁਲ ਕੋਲ ਜਦੋਂ ਮੈਂ ਬੱਸ ਰੋਕੀ, ਤਾਂ ਇਹ ਅੱਠ-ਨੌਂ ਵਰ੍ਹਿਆਂ ਦਾ ਬਾਲਕਾ ਮੈਨੂੰ ਆਪਣੇ ਪਿਉ ਲਈ ਸੁਨੇਹਾ ਦੇ ਗਿਆ। ਆਪਣੀ ਜ਼ਿੰਦਗੀ ਵਿਚ ਇਹੀ ਇਕ ਸੁਨੇਹਾ ਸ਼ੈਦ ਮੈਂ ਪੂਰਾ ਨਹੀਂ ਸੀ ਦਿੱਤਾ।

"ਇਹ ਗੱਲ ਨਹੀਂ ਕਿ ਇਹ ਮੈਨੂੰ ਚੇਤੇ ਨਹੀਂ ਸੀ ਰਿਹਾ। ਚੇਤੇ ਤਾਂ ਉਦੋਂ ਵੀ ਮੈਨੂੰ ਹੋਵੇਗਾ ਜਦੋਂ ਏਸ ਦੁਨੀਆਂ ਤੋਂ ਮੈਂ ਵਿਦਿਆ ਹੋ ਰਿਹਾ ਹੋਵਾਂਗਾ। ਹੋਰ ਸਭ ਕੁਝ ਭਾਵੇਂ ਭੁੱਲ ਜਾਏ, ਉਹ ਕੰਵਲ ਫੁੱਲ ਵੀ ਭਾਵੇਂ ਭੁੱਲ ਜਾਣ, ਪਰ ਇਸ ਸੁਨੇਹੇ ਦੀ ਕਸਕ ਸਦਾ ਜਿਉਂਦੀ ਰਹੇਗੀ।

ਅਸਲ ਵਿਚ ਇਹ ਸੁਨੇਹਾ ਪੂਰਾ ਪੁਚਾਣ ਦਾ ਹੀਆ ਹੀ ਮੈਨੂੰ ਨਹੀਂ ਸੀ ਪਿਆ।

ਹਾਂ, ਤੇ ਮੈਂ ਕਹਿ ਰਿਹਾ ਸਾਂ, ਇਹ ਉਨ੍ਹਾਂ ਦਿਨਾਂ ਦੀ ਗੱਲ ਏ ਜਦੋਂ ਨਵੀਂ-ਨਵੀਂ ਸਾਡੇ ਇਲਾਕੇ ਦੇ ਪਿੰਡਾਂ ਵਿਚ ਬਿਜਲੀ ਆਈ ਸੀ। ਤੁਹਾਨੂੰ ਯਾਦ ਹੋਏਗਾ, ਤੁਹਾਡੇ ਪਿੰਡ ਦੇ ਅੱਡੇ ਉਤੇ ਬਿਜਲੀ ਦੇ ਇਕ ਠੇਕੇਦਾਰ ਨੇ ਦੁਕਾਨ ਖੋਲ੍ਹੀ ਸੀ। ਠੇਕੇਦਾਰ ਦੇ ਮਿਸਤਰੀ ਕੋਲ ਨਰੈਣਾ ਕੰਮ ਸਿੱਖਦਾ ਹੁੰਦਾ ਸੀ। ਉਸੇ ਨਰੈਣੇ ਦੇ ਨੇ ਇਹ ਸੁਨੇਹਾ ਮੈਨੂੰ ਦਿੱਤਾ ਸੀ। ਨਰੈਣੇ ਦਾ ਪਿੰਡ ਨਹਿਰ ਦੇ ਪੁਲ ਲਾਗੇ ਵੇ। ਤੁਹਾਡੇ ਪਿੰਡ ਤਾਂ ਉਹ ਰਿਜ਼ਕ ਦਾ ਮਾਰਿਆ ਆਇਆ ਸੀ।

"ਹਾਂ, ਨਰੈਣੇ ਦੇ ਪੁੱਤ ਨੇ ਜਿਹੜਾ ਸੁਨੇਹਾ ਮੈਨੂੰ ਦਿੱਤਾ ਸੀ, ਉਹ ਤੁਹਾਨੂੰ ਮੈਂ ਦੱਸ ਰਿਹਾ ਸਾਂ। ਨਹਿਰ ਦੇ ਪੁਲ ਕੋਲ ਜਦੋਂ ਮੈਂ ਗੱਡੀ ਰੋਕੀ ਤਾਂ ਇਹ ਬਾਲਕਾ ਮੇਰੇ ਕੋਲ ਆਇਆ, "ਭਾ ਜੀ, ਮੇਰੇ ਬਾਪੂ ਨੂੰ ਤੁਸੀਂ ਜਾਣਦੇ ਓ ਨਾ?" ਉਹਨੇ ਇੰਜ ਸਹਿਜ ਸੁਭਾਅ ਮੇਰੇ ਕੋਲੋਂ ਪੁੱਛਿਆ ਜਿਵੇਂ ਆਪਣੇ ਬਾਪੂ ਦੀ ਪਿੱਛੇ ਰਹਿ ਗਈ ਕੋਈ ਚੀਜ਼ ਓਸ ਤੱਕ ਅਪੜਾਣ ਲਈ ਮੈਨੂੰ ਦੇਣ ਆਇਆ ਹੋਏ, ਤੇ ਫੇਰ ਉਹਨੇ ਕਿਹਾ, "ਜਿਥੇ ਅਖੀਰ ਤੁਹਾਡੀ ਬੱਸ ਜਾ ਕੇ ਖੜ੍ਹੋਂਦੀ ਏ, ਉਥੇ ਬਿਜਲੀ ਦੀ ਦੁਕਾਨ ਉਤੇ ਮੇਰਾ ਬਾਪੂ ਕੰਮ ਸਿੱਖਦਾ ਏ। ਦੁਕਾਨ ਤਾਂ ਏਸ ਵੇਲੇ ਬੰਦ ਪਰ ਰਾਤੀਂ ਉਹ ਸੌਂਦਾ ਵੀ ਦੁਕਾਨ ਵਿਚ ਈ ਏ। ਤੁਸੀਂ ਭਾ ਜੀ ਉਹਨੂੰ ਕਹਿ ਦੇਣਾ ਕਿ ਮੇਰੀ ਮਾਂ ਆਂਹਦੀ ਸੀ, 'ਅੱਜ ਵੀ ਅਸੀਂ ਆਟਾ ਉਧਾਰ ਲਿਆਂਦਾ ਏ' ।"

ਉਹ ਬਾਲਕਾ ਤਾਂ ਜਿਵੇਂ ਆਇਆ ਸੀ, ਉਵੇਂ ਹੀ ਸਹਿਜ ਸੁਭਾਅ ਪਰਤ ਗਿਆ, ਪਰ ਮੈਂ ਸਾਰੀ ਵਾਟ ਸੋਚਦਾ ਰਿਹਾ: ਜੇ ਬਿਜਲੀ ਦਾ ਕੰਮ ਸਿੱਖਣ ਵਾਲੇ ਏਸ ਨਰੈਣੇ ਦੇ ਘਰ ਕੋਈ ਦਾਨੀ ਪੱਲਿਓਂ ਬਿਜਲੀ ਦਾ ਲਾਟੂ ਲੁਆ ਵੀ ਦਏ, ਤਾਂ ਨਰੈਣੇ ਲਈ ਇਹ ਚਾਨਣ ਕਿਸ ਕੰਮ? ਉਧਾਰ ਲਿਆ ਆਟਾ ਗੁੰਨ੍ਹਦੀ ਆਪਣੀ ਵਹੁਟੀ ਤੇ ਕੁਝ ਦਿਨਾਂ ਮਗਰੋਂ ਸੱਖਣੀ ਪਰਾਤ ਤੇ ਆਪਣੇ ਪੁੱਤਰ ਦਾ ਭੁੱਖਣ ਮੂੰਹ ਤੱਕਣ ਲਈ ਨਰੈਣੇ ਨੂੰ ਬਿਜਲੀ ਦੇ ਲਾਟੂ ਦੀ ਕੀ ਲੋੜ ਸੀ।

"ਬਿਜਲੀ ਆ ਗਈ ਏ, ਬੜਾ ਚੰਗਾ ਹੋਇਆ ਏ, ਸਰਦਾਰ ਜੀ! ਪਰ ਚਾਨਣ ਹੋਣ ਵਿਚ ਹਾਲੀ ਦੇਰ ਵੇ!

## ਬਾਸਮਤੀ ਦੀ ਮਹਿਕ

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਸਾਡਾ ਵਤਨ ਨਵਾਂ ਨਵਾਂ ਵੰਡਿਆ ਗਿਆ ਸੀ ਤੇ ਇਹਦੇ ਦੋਵਾਂ ਹਿੱਸਿਆਂ ਵਿਚ ਭੂਤਾਂ ਨੇ ਉਧੜ-ਧੁੰਮੀ ਮਚਾਈ ਹੋਈ ਸੀ।

ਰਣਧੀਰ ਅੰਮ੍ਰਿਤਸਰ ਵਿਚ ਫਸਿਆ ਹੋਇਆ ਸੀ। ਉਹਨੇ ਦਿੱਲੀ ਆਪਣੇ ਮਾਪਿਆਂ ਕੋਲ ਪੁੱਜਣਾ ਸੀ, ਪਰ ਗੱਡੀਆਂ ਰੁਕੀਆਂ ਹੋਈਆਂ ਸਨ, ਜਾਂ ਕਦੇ ਸ਼ਰਨਾਰਥੀਆਂ ਨਾਲ ਤੂੜੀਆਂ ਚੱਲਦੀਆਂ ਸਨ।

ਹਾਰ ਕੇ ਅਖ਼ੀਰ ਉਹ ਆਪਣੇ ਦੋਸਤ ਬਲਬੀਰ ਨਾਲ ਉਹਦੇ ਮੋਟਰਸਾਈਕਲ ਉਤੇ ਹੀ ਜਲੰਧਰ ਵੱਲ ਤੁਰ ਪਿਆ।

ਬਲਬੀਰ ਨੇ ਵੀ ਦਿੱਲੀ ਕਿਸੇ ਬੜੇ ਜ਼ਰੂਰੀ ਕੰਮ ਲਈ ਜਾਣਾ ਸੀ। "ਫ਼ੌਜੀ ਟਰੱਕਾਂ ਅੱਜ ਕੱਲ੍ਹ ਜਲੰਧਰੋਂ ਆਮ ਦਿੱਲੀ ਜਾਂਦੀਆਂ ਨੇ" , ਬਲਬੀਰ ਨੇ ਉਹਨੂੰ ਦੱਸਿਆ ਸੀ, "ਟਰੱਕਾਂ ਦਾ ਇੰਚਾਰਜ ਮੇਜਰ ਮੇਰਾ ਚੰਗਾ ਵਾਕਫ਼ ਏ, ਰਾਹੀਂ ਦਿੱਲੀ ਜਾਣ ਦਾ ਕੋਈ ਰਾਹ ਨਿਕਲ ਹੀ ਆਏਗਾ।"

ਅੱਜ ਕੱਲ੍ਹ ਤਾਂ ਭਾਵੇਂ ਜਲੰਧਰ ਅੰਮ੍ਰਿਤਸਰੋਂ ਇਕ ਦੁਰਾਡੇ ਮੁਹੱਲੇ ਵਾਂਗ ਜਾਪਦਾ ਹੈ, ਪਰ ਉਨ੍ਹੀਂ ਦਿਨੀਂ ਦੋਵਾਂ ਸ਼ਹਿਰਾਂ ਵਿਚਾਲੇ ਲਾਸ਼ਾਂ ਨਾਲ ਹੜ੍ਹੇ ਹੋਏ ਨਾਲੇ ਵਗਦੇ ਸਨ ਤੇ ਸੜਕਾਂ ਕਾਫ਼ਲਿਆਂ ਨਾਲ ਡੱਕੀਆਂ ਹੋਈਆਂ ਸਨ। ਕਾਫ਼ਲਾ-ਸਾਲਾਰ ਊਠਾਂ ਉਤੇ ਨਹੀਂ ਸਨ, ਟੈਂਕਾਂ ਵਿਚ ਸਨ, ਤੇ ਕਾਫ਼ਲੇ ਵਾਲੇ ਆਪਣੀ ਮੰਜ਼ਲ ਵੱਲ ਨਹੀਂ ਸਨ ਵਧ ਰਹੇ, ਮੰਜ਼ਲੋਂ ਭਟਕਾਏ ਔਝੜਾਂ ਨੂੰ ਹਿੱਕੇ ਜਾ ਰਹੇ ਸਨ। ਵਿਚ ਟੈਂਕਾਂ ਦੇ ਹੁੰਦਿਆਂ-ਸੁੰਦਿਆਂ ਆਪਣੇ ਹੀ ਵਤਨੀ, ਆਪਣੇ ਹੀ ਹਮਸਾਇਆਂ ਦੇ ਮੁਹਾਂਦਰੇ ਵਾਲੇ ਲੋਕ, ਧਾੜਵੀ ਬਣ ਕੇ ਟੁੱਟ ਪੈਂਦੇ ਸਨ ਤੇ ਚੀਕਾਂ ਸਨ, ਸਨ, ਅੱਖਾਂ ਸਨ। ਰਾਹ ਸਨ ਜਿਵੇਂ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਹੋਵੇ, ਤੇ ਡੰਗਰ ਤੇ ਉਨ੍ਹਾਂ ਦੇ ਮਨੁੱਖ ਮਾਲਕ ਇਕੱਠੇ ਮੋਏ ਪਏ ਸਨ, ਤੇ ਰਜ਼ਾਈਆਂ ਦੇ ਡਕਰੇ ਕੀਤੇ ਪਏ ਸਨ, ਸੜਕ ਕੰਢੇ ਦੇ ਰੁੱਖ ਰੁੰਡ-ਮੁੰਡ ਸਨ-ਕੁਰੁੱਤੀ

ਰਣਧੀਰ ਤੇ ਉਹਦਾ ਦੋਸਤ ਛੇ ਘੰਟਿਆਂ ਵਿਚ ਜਲੰਧਰ ਸ਼ਹਿਰ ਪੁੱਜੇ। ਸ਼ਹਿਰੋਂ ਬਲਬੀਰ ਨੇ ਛਾਉਣੀ ਆਪਣੇ ਵਾਕਫ਼ ਮੇਜਰ ਨੂੰ ਫੋਨ ਕੀਤਾ। ਮੇਜਰ ਨੇ ਅੱਗਿਉਂ ਦੱਸਿਆ ਕਿ ਸਬੱਬ ਨਾਲ ਕੱਲ੍ਹ ਸਵੇਰ ਸਾਰ ਚਾਰ ਵਜੇ ਦਿੱਲੀ ਜਾਣ ਵਾਲੀ ਟਰੱਕ ਵਿਚ ਦੋ ਜਣਿਆਂ ਦੀ ਥਾਂ ਹੈ ਸੀ। ਉਹਨੇ ਬੜੇ ਖੁੱਲ੍ਹੇ ਦਿਲ ਨਾਲ ਬਲਬੀਰ ਨੂੰ ਦੋਸਤ ਸਣੇ ਰਾਤ ਛਾਉਣੀ ਉਨ੍ਹਾਂ ਦੇ ਘਰ ਰਹਿਣ ਲਈ ਕਿਹਾ, "ਏਨੀ ਸਵੇਰੇ ਤੁਸੀਂ ਸ਼ਹਿਰੋਂ ਪੁੱਜ ਨਹੀਂ ਸਕਣ ਲੱਗੇ।"

ਦੋਵੇਂ ਕਿਸੇ ਹੋਟਲ ਵਿਚੋਂ ਰੋਟੀ ਖਾ ਕੇ ਛਾਉਣੀ ਵੱਲ ਹੋ ਪਏ। ਮੇਜਰ ਸਾਹਿਬ ਦੀ ਕੋਠੀ ਛੇਤੀ ਹੀ ਲੱਭ ਪਈ। ਸੁਡੌਲ ਤਕੜੇ ਸਰੀਰ ਵਾਲੇ ਮੇਜਰ

ਸਾਹਿਬ ਬੜੇ ਖਿੜੇ ਮੱਥੇ ਅੱਗਿਉਂ ਮਿਲੇ, ਅਰਦਲੀ ਨੂੰ ਮੋਟਰਸਾਈਕਲ ਦੀ ਸੌਂਪਣਾ ਕਰ, ਦੋਵਾਂ ਪ੍ਰਾਹੁਣਿਆਂ ਨੂੰ ਆਪਣੇ ਡਰਾਇੰਗ ਰੂਮ ਵਿਚ ਲੈ ਗਏ।

ਅੰਦਰ ਉਨ੍ਹਾਂ ਦੇ ਹੋਰ ਦੋਸਤ ਵਰਦੀਆਂ ਪਾਈ ਬੈਠੇ ਸਨ। ਸ਼ਰਾਬ ਦੀਆਂ ਬੋਤਲਾਂ ਸਨ। ਊਣੇ ਤੇ ਭਰੇ ਬਲੌਰੀ ਗਲਾਸ ਸਨ। ਬੜੇ ਬਰੀਕ ਸੁਹਜ ਨਾਲ ਕਮਰਾ ਸਜਾਇਆ ਹੋਇਆ ਸੀ ਤੇ ਇਕ ਇਸਤਰੀ ਸੀ, "ਮੇਰੀ ਵਾਈਫ ਸੁਖਵੰਤ, ਤੇ ਡਾਰਲਿੰਗ ਇਹ ਬਲਬੀਰ ਜੀ ਨੇ। ਮੈਂ ਜ਼ਿਕਰ ਕੀਤਾ ਸੀ ਨਾ ਇਨ੍ਹਾਂ ਦਾ, ਜਿਹੜੇ ਮੈਨੂੰ ਗੁਲਮਰਗ ਮਿਲੇ ਸਨ ਤੇ ਬੜੀਆਂ ਸੁਹਣੀਆਂ ਤਸਵੀਰਾਂ ਖਿੱਚਦੇ ਹਨ, ਤੇ ਇਹ ਨੇ ਇਨ੍ਹਾਂ ਦੇ ਦੋਸਤ।"

"ਰਣਧੀਰ ਜੀ, ਸ਼ੈਦ ਤੁਸੀਂ ਇਨ੍ਹਾਂ ਦੀਆਂ ਕਵਿਤਾਵਾਂ।" ਬਲਬੀਰ ਨੇ ਕਿਹਾ।

"ਰਣਧੀਰ ਜੀ, ਜੀਅ ਆਇਆਂ ਨੂੰ। ਕਿਹਾ ਚੰਗਾ ਇਤਫਾਕ ਏ। ਡਾਰਲਿੰਗ, ਇਨ੍ਹਾਂ ਤੋਂ ਤਾਂ ਚੰਗੀ ਤਰ੍ਹਾਂ ਜਾਣੂ ਹਾਂ। ਅਸੀਂ ਕਾਲਜ ਵਿਚ ਇਕੱਠੇ ਪੜ੍ਹਦੇ ਰਹੇ ਹਾਂ। ਇਨ੍ਹਾਂ ਦੇ ਪਿਤਾ ਜੀ ਮੇਰੇ ਪਿਤਾ ਜੀ ਦੇ ਬੜੇ ਦੋਸਤ ਨੇ। ਹਾਂ, ਰਣਧੀਰ ਜੀ, ਸੁਣਾਓ ਕੀ ਹਾਲ ਏ ਤੁਹਾਡਾ।"

ਕੁਝ ਰਸਮੀ ਗੱਲਾਂ ਪਿੱਛੋਂ ਮੇਜਰ ਸਾਹਿਬ ਤੇ ਬਲਬੀਰ ਪੀਣ ਵਾਲਿਆਂ ਵਿਚ ਜਾ ਸ਼ਾਮਲ ਹੋਏ।

ਰਣਧੀਰ ਪੀਂਦਾ ਨਹੀਂ ਸੀ, ਉਹਨੂੰ ਸੁਖਵੰਤ ਨੇ ਮਹਿਫ਼ਲ ਤੋਂ ਦੁਰੇਡੇ ਆਪਣੇ ਕੋਲ ਬਿਠਾ ਲਿਆ।

ਸੁਖਵੰਤ ਤੇ ਰਣਧੀਰ ਜਿਥੇ ਬੈਠੇ ਸਨ, ਉਥੇ ਇਕ ਅਜੀਬ ਜਿਹੀ ਚੁੱਪ ਸੀ।

ਕਦੇ ਕਦੇ ਚੁੱਪ ਟੁੱਟਦੀ: "ਤੁਹਾਡੇ ਮਾਤਾ ਜੀ ਰਾਜ਼ੀ ਨੇ? ਕਿਥੇ ਹੁੰਦੇ ਨੇ ਅੱਜ ਕੱਲ੍ਹ?"

"ਹਾਂ, ਬੜੇ ਰਾਜ਼ੀ, ਤੇ ਤੁਹਾਡੀ ਮਾਤਾ ਜੀ ਠੀਕ ਨੇ?"

"ਹਾਂ ਤੇ ਤੁਹਾਡੀਆਂ ਕਵਿਤਾਵਾਂ ਦਾ ਕੀ ਹਾਲ ਏ?"

"ਕਵਿਤਾਵਾਂ! ਉਹ ਰਾਜ਼ੀ ਨਹੀਂ, ਤੇ ਤੁਹਾਡੇ ਗੌਣ ਦਾ ਕੀ ਹਾਲ ਏ?"

"ਉਹ ਵੀ ਰਾਜ਼ੀ ਨਹੀਂ।"

ਰਣਧੀਰ ਤੇ ਸੁਖਵੰਤ ਦੋਵੇਂ ਹੱਸ ਪਏ, ਪਰ ਜਿਵੇਂ ਕਈ ਵਾਰ ਕਿਸੇ ਚਿੱਟੀ ਸ਼ੈਅ ਵਿਚ ਚਿਟਿਆਈ ਘੱਟ ਤੇ ਹੋਰ ਕੋਈ ਭਾਅ ਵੱਧ ਹੁੰਦੀ ਹੈ, ਇੰਜ ਹੀ ਦੋਵਾਂ ਦੇ ਹਾਸੇ ਵਿਚ ਹਾਸਾ ਘੱਟ ਤੇ ਹੋਰ ਕਿਸੇ ਜਜ਼ਬੇ ਦੀ ਭਾਅ ਵੱਧ ਸੀ।

ਦੂਜੇ ਪਾਸੇ ਮਹਿਫ਼ਲ ਜੰਮਦੀ ਜਾ ਰਹੀ ਸੀ, ਗਲਾਸ ਖਣਕ ਰਹੇ ਸਨ, ਕੋਈ ਵਲੈਤੀ ਸੁਰ ਟੁਣਟੁਣਾ ਰਿਹਾ ਸੀ।

ਸੁਖਵੰਤ ਤੇ ਰਣਧੀਰ ਵਿਚਾਲੇ ਫੇਰ ਕੁਝ ਚਿਰ ਪਿਛੋਂ ਚੁੱਪ ਟੁੱਟੀ: "ਧੀਰ ਤੂੰ ਮੇਰੇ ਨਾਲ ਨਾਰਾਜ਼ ਏ?" ਸੁਖਵੰਤ ਦੇ ਬੁੱਲ੍ਹ ਬੇਮਲੂਮੇ ਕੰਬ ਰਹੇ ਸਨ।

ਜਦੋਂ ਦਾ ਉਹ ਆਇਆ ਸੀ, ਉਦੂੰ ਪਿਛੋਂ ਹੁਣ ਕਿਤੇ ਰਣਧੀਰ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਸੁਖਵੰਤ ਨਾਲ ਆਪਣੀਆਂ ਅੱਖਾਂ ਭਰ ਲਈਆਂ" ਭਰੇ ਭਾਂਡੇ ਬੇਆਵਾਜ਼ ਹੁੰਦੇ ਹਨ।

"ਧੀਰ, ਤੂੰ ਮੈਨੂੰ ਮੁਆਫ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਏਨਾ ਦੁੱਖ ਦਿੱਤਾ ਏ।"

"ਤੂੰ ਮੈਨੂੰ ਅਨੰਤ ਬਣਾ ਦਿੱਤਾ, ਅਜਿਹਾ ਹੈ ਤੇਰਾ ਅਨੰਦ।" ਟੈਗੋਰ ਦੀਆਂ ਇਹ ਸਤਰਾਂ ਕਦੇ ਰਣਧੀਰ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ ਉਤੇ ਲਿਖ ਕੇ ਸੁਖਵੰਤ ਨੂੰ ਦਿੱਤੀਆਂ ਸਨ" ।

"ਧੀਰ ਮੈਨੂੰ ਮੁਆਫ਼।"

ਮੇਜਰ ਸਾਹਿਬ ਆ ਗਏ, "ਐਕਸਕਯੂਜ਼ ਮੀ, ਡਾਰਲਿੰਗ। ਡਾਕਟਰ ਕਹਿ ਰਿਹਾ ਏ, ਹੋਰ ਲੇਟ ਤੁਹਾਨੂੰ ਨਹੀਂ ਜਾਗਣਾ ਚਾਹੀਦਾ, ਤੇ ਬੇਬੀ ਦੇ ਫੀਡ ਦਾ ਵੀ ਵਕਤ ਹੋ ਗਿਆ ਏ, ਆਯਾ ਬੁਲਾਣ ਆਈ ਸੀ।"

ਮੇਜਰ ਸਾਹਿਬ ਦੇ ਬੋਲ ਕੁਝ ਥਥਲਾ ਰਹੇ ਸਨ, ਲੱਤਾਂ ਵਿਚ ਬੇਮਲੂਮੀ ਕੰਬਣੀ ਸੀ, ਹੱਥ ਵਿਚ ਫੜਿਆ ਗਲਾਸ ਵੀ ਕੰਬ ਰਿਹਾ ਸੀ।

"ਚੰਗਾ ਰਣਧੀਰ ਜੀ, ਮੁਆਫ ਕਰਨਾ ਬੇਬੀ ਛੋਟਾ ਏ, ਤੇ ਨਾਲੇ ਮੈਂ ਹੁਣੇ ਹੁਣੇ ਟਾਈਫ਼ਾਈਡ ਤੋਂ ਉਠੀ ਹਾਂ" ।"

ਤੇ ਸੁਖਵੰਤ ਚਲੀ ਗਈ।

ਇਕਦਮ ਰਣਧੀਰ ਨੂੰ ਜਾਪਿਆ ਕਿ ਕਮਰੇ ਵਿਚ ਹੁਣ ਸ਼ਰਾਬ ਦੀ ਬੂ ਹੀ ਬਾਕੀ ਰਹਿ ਗਈ ਸੀ।

"ਤੁਸੀਂ ਸਾਡੇ ਵਿਚ ਤਾਂ ਮਿਕਸ ਨਹੀਂ ਹੁੰਦੇ। ਉਨ੍ਹਾਂ ਕਿਤਾਬਾਂ ਨਾਲ ਹੀ ਦਿਲ ਲਾ ਲਓ। ਹੈਰਾਨ ਕਿਉਂ ਹੁੰਦੇ ਹੋ, ਉਹ ਸੁਖਵੰਤ ਦੀਆਂ ਕਿਤਾਬਾਂ ਦੀ ਅਲਮਾਰੀ ਏ। ਅਸੀਂ ਫੌਜੀ ਆਦਮੀ ਕਿਥੇ ਲਿਟਰੇਚਰ ਨਾਲ ਮਗਜ਼ ਮਾਰਦੇ ਹਾਂ, ਉਮੀਦ ਏ ਕੁਝ ਇੰਟਰਸਟਿੰਗ ਤੁਹਾਨੂੰ ਉਸ ਅਲਮਾਰੀ ਵਿਚੋਂ ਲੱਭ ਪਏਗਾ। ਵੈਸੇ ਸੌਣ ਲਈ ਬਾਹਰ ਵਰਾਂਡੇ ਵਿਚ ਤੁਹਾਡੇ ਦੋਵਾਂ ਦੇ ਬਿਸਤਰ ਲੁਆਏ ਹੋਏ ਨੇ। ਜਦੋਂ ਵੀ ਸੌਣਾ ਚਾਹੋ, ਯੂ ਆਰ ਵੈਲਕਮ, ਆਪਣਾ ਘਰ ਸਮਝੋ। ਹਾਂ, ਤੇ ਬਲਬੀਰ ਤਾਂ ਯਾਰ ਬਾਸ਼ ਬੰਦਾ ਏ, ਉਹ ਤਾਂ ਸਾਡੇ ਕੋਲ ਦੇਰ ਲਾਏਗਾ। ਅੱਛਾ ਐਕਸਕਯੂਜ਼ ਮੀ।" ਮੇਜਰ ਸਾਹਿਬ ਆਪਣੀ ਮਹਿਫ਼ਲ ਵਿਚ ਜਾ ਰਲੇ।

ਸੁਖਵੰਤ ਦੀਆਂ ਕਿਤਾਬਾਂ ਕੋਲ ਰਣਧੀਰ ਇਕੱਲਾ ਖੜ੍ਹੋਤਾ ਰਿਹਾ। ਕਿੰਨੀਆਂ ਹੀ ਕਿਤਾਬਾਂ ਉਹਦੀਆਂ ਜਾਣੀਆਂ ਪਛਾਣੀਆਂ ਸਨ। ਉਹ ਟੈਗੋਰ ਦੀ ਚੋਣਵੀਂ ਰਚਨਾ ਸੀ, ਉਹ ਕਾਲੀਦਾਸ ਦੀ 'ਸ਼ਕੁੰਤਲਾ' , ਉਹ ਚੈਖੋਵ ਦੀਆਂ ਕਹਾਣੀਆਂ ਸਨ ਤੇ ਉਹ ਗੋਰਕੀ ਦਾ ਨਾਵਲ 'ਮਾਂ' । ਤੇ ਕੋਲ ਉਹਦਾ ਆਪਣਾ ਪਹਿਲਾ ਕਾਵਿ ਸੰਗ੍ਰਿਹ ਪਿਆ ਸੀ।

ਉਹਨੇ ਚੁਪਾਸੀਂ ਝਾਤੀ ਮਾਰੀ ਤੇ ਚੋਰਾਂ ਵਾਂਗ ਆਪਣੇ ਸੰਗ੍ਰਿਹ ਦਾ ਪਹਿਲਾ ਵਰਕਾ ਫੋਲਿਆ, ਉਹਨੂੰ ਦਿਸਿਆ:

ਸੁਖਵੰਤ!<br>
ਤੂੰ ਮੈਨੂੰ ਅਨੰਤ ਬਣਾ ਦਿੱਤਾ,<br>
ਅਜਿਹਾ ਹੈ ਤੇਰਾ ਅਨੰਦ<br>
-ਰਣਧੀਰ

ਤੇ ਉਹਦਾ ਦੂਜਾ ਸੰਗ੍ਰਹਿ ਵੀ ਹੈ ਸੀ, ਤੇ ਤੀਜਾ ਵੀ, ਤੇ ਉਹਦੀਆਂ ਕਵਿਤਾਵਾਂ ਵਾਲੇ ਰਿਸਾਲੇ ਵੀ।

ਹੁਣ ਸੁਖਵੰਤ ਚਲੀ ਗਈ ਸੀ। ਸਵੇਰੇ ਚਾਰ ਵਜੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ।

ਹੁਣੇ ਸੁਖਵੰਤ ਨੇ ਦੋ ਵਾਰ ਕਿਹਾ ਸੀ, "ਧੀਰ, ਤੂੰ ਮੈਨੂੰ ਮੁਆਫ਼ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਬੜਾ ਦੁੱਖ ਦਿੱਤਾ ਏ।"

ਤੇ ਰਣਧੀਰ ਚੁੱਪ ਰਿਹਾ ਸੀ, ਪਿਛਲੇ ਸਾਰੇ ਵਰ੍ਹੇ ਉਹਦੀ ਚੁੱਪ ਤੇ ਬੋਲ ਵਿਚਾਲੇ ਆਣ ਖੜੋਤੇ ਸਨ। ਨਾਰਾਜ਼ ਤਾਂ ਉਹ ਕਦੇ ਵੀ ਸੁਖਵੰਤ ਨਾਲ ਨਹੀਂ ਸੀ ਹੋਇਆ, ਤੇ ਜਦੋਂ ਵੀ ਸੁਖਵੰਤ ਨੇ ਉਹਦੇ ਕੋਲੋਂ ਕੁਝ ਮੰਗਿਆ ਸੀ, ਰਣਧੀਰ ਨੇ ਉਹਨੂੰ ਉਹ ਦਿੱਤਾ ਸੀ। ਤੇ ਅੱਜ ਸੁਖਵੰਤ ਨੇ ਮੁਆਫੀ ਮੰਗੀ ਸੀ। ਤੇ ਉਹ ਚੁੱਪ ਰਹਿ ਗਿਆ ਸੀ ਤੇ ਹੁਣ ਸੁਖਵੰਤ ਚਲੀ ਗਈ ਸੀ ਤੇ ਸਵੇਰੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ। ਉਹਦੀ ਇਹ ਮੰਗ ਹੁਣ ਉਹ ਕਿਸ ਤਰ੍ਹਾਂ ਪੂਰੀ ਕਰ ਸਕੇਗਾ। ਕਿਸ ਤਰ੍ਹਾਂ ਰਣਧੀਰ ਉਨ੍ਹਾਂ ਕਿਤਾਬਾਂ ਨਾਲ ਬੋਲਣਾ ਚਾਹੁੰਦਾ ਸੀ, ਸੁਖਵੰਤ ਦੀਆਂ ਕਿਤਾਬਾਂ ਨਾਲ; ਕਿਤਾਬਾਂ ਜਿਹੜੀਆਂ ਬੜਾ ਚਿਰ ਹੋਇਆ, ਉਹਦੇ ਤੇ ਸੁਖਵੰਤ ਦੇ ਦਿਲ ਵਿਚਾਲੇ ਪੁਲ ਬਣੀਆਂ ਸਨ।

ਉਹ ਕਿਵੇਂ ਲੋਚਦਾ ਸੀ ਕਿ ਕਦੇ ਜ਼ਿੰਦਗੀ ਦੇ ਇਨ੍ਹਾਂ ਵਿਸ਼ਾਲ ਰਾਹਾਂ ਉਤੇ ਉਹਨੂੰ ਸੁਖਵੰਤ ਪਲ ਦੀ ਪਲ ਮਿਲ ਪਏ। ਉਹਨੇ ਇਕ ਵਾਰੀ ਇਸ ਤਾਂਘ ਨੂੰ ਬਿਆਨ ਕਰਦਿਆਂ ਲਿਖਿਆ ਸੀ:

"ਫੋਲ ਕੇ ਦਿਲ ਦੀ ਜੰਤਰੀ,
ਮੈਂ ਢੂੰਡਦਾ ਹਾਂ ਮਿਲਣ ਵਾਰ।"

ਤੇ ਕਿਹੋ ਜਿਹੀ ਰੁੱਤੇ ਮਿਲਣ ਵਾਰ ਆਇਆ ਸੀ ਅੱਜ। ਇਨ੍ਹੀਂ ਦਿਨੀਂ ਜਦੋਂ ਧਰਤੀਆਂ ਤੋੜੀਆਂ-ਵਿਛੋੜੀਆਂ ਜਾ ਰਹੀਆਂ ਸਨ, ਜਦੋਂ ਉਹ ਉਨ੍ਹਾਂ ਰਾਹਾਂ ਉਤੇ ਲੰਘ ਕੇ ਆਇਆ ਸੀ, ਜਿਨ੍ਹਾਂ ਉਤੇ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਸੀ।

ਬਿੰਦ ਦੀ ਬਿੰਦ ਉਹ ਮਿਲੇ ਸਨ। ਸੰਗਦੀ ਸੰਗਦੀ ਖੁਸ਼ਬੋਆਂ ਦੀ ਨਦੀ ਉਹਦੇ ਵੱਲ ਵਗਣ ਲੱਗੀ ਸੀ, ਤੇ ਸ਼ਰਾਬ ਦੀ ਹਵਾੜ ਨੇ ਬੰਨ੍ਹ ਮਾਰ ਦਿੱਤਾ ਸੀ।

ਰਣਧੀਰ ਵਰਾਂਡੇ ਵਿਚ ਚਲਿਆ ਗਿਆ। ਬਿਸਤਰੇ ਉਤੇ ਲੇਟ ਗਿਆ। ਨੀਂਦ ਨਾ ਆਈ, ਪਰ ਬੀਤੇ ਵਰ੍ਹੇ ਪੋਲੇ ਪੱਬੀਂ ਉਹਦੇ ਕੋਲ ਆਉਂਦੇ ਰਹੇ।

ਉਨ੍ਹਾਂ ਦੇ ਪਿੰਡ ਦੇ ਨੇੜੇ ਬੜਾ ਰਮਣੀਕ ਨਾਲਾ ਵਗਦਾ ਸੀ। ਸਾਲ ਦੇ ਅਖੀਰ ਉਤੇ ਰਣਧੀਰ ਦੇ ਘਰ ਵਾਲੇ ਸ਼ਹਿਰੋਂ ਆਪਣੇ ਦੋਸਤਾਂ ਸਬੰਧੀਆਂ ਨੂੰ ਬੁਲਾ ਇਸ ਨਾਲੇ ਉਤੇ ਪਿਕਨਿਕ ਕਰਨ ਜਾਂਦੇ ਹੁੰਦੇ ਸਨ। ਅੱਠ ਵਰ੍ਹੇ ਹੋਏ ਪਿਕਨਿਕ ਵਿਚ ਪਹਿਲੀ ਵਾਰ ਸੁਖਵੰਤ ਆਈ ਸੀ। ਉਥੇ ਰਣਧੀਰ ਨੇ ਕਵਿਤਾ ਸੁਣਾਈ ਸੀ ਜਿਸ ਵਿਚ ਉਦਾਸੀ ਦਾ ਰੰਗ ਹੱਦੋਂ ਗੂੜ੍ਹਾ ਸੀ। ਸਭਨਾਂ ਨੇ ਪ੍ਰਸੰਸਾ ਵਿਚ ਜ਼ੋਰ ਜ਼ੋਰ ਨਾਲ ਤਾੜੀਆਂ ਮਾਰੀਆਂ ਸਨ, ਪਰ ਸੁਖਵੰਤ ਅਡੋਲ ਰਹੀ ਸੀ। ਪਿਕਨਿਕ ਦੀ ਗਹਿਮਾ-ਗਹਿਮੀ ਵਿਚ ਇਕੱਲੇ ਕਿਸੇ ਪਲ ਸੁਖਵੰਤ ਨੇ ਰਣਧੀਰ ਨੂੰ ਅਡੋਲ ਪੁੱਛਿਆ ਸੀ, “ਕੀ ਤੁਸੀਂ ਸੱਚੀ-ਮੁੱਚੀਂ ਏਨੇ ਹੀ ਉਦਾਸ ਹੋ ਜਿੰਨੀ ਤੁਹਾਡੀ ਏ? ਮੇਰਾ ਜੀਅ ਨਹੀਂ ਕਰਦਾ ਕਿ ਤੁਸੀਂ ਏਨੇ ਉਦਾਸ ਹੋਵੋ।”

ਤੇ ਰਣਧੀਰ ਨੇ ਵੇਖਿਆ, ਸੁਖਵੰਤ ਦੀਆਂ ਅੱਖਾਂ ਨਿਸੰਗ, ਪੂਰੀਆਂ ਖੁੱਲ੍ਹੀਆਂ ਉਹਦੇ ਵੱਲ ਉਤਾਂਹ ਨੂੰ ਤੱਕ ਰਹੀਆਂ ਸਨ ਤੇ ਇਹ ਮਮੋਲੇ ਨੈਣ, ਇਕ ਦੁਨੀਆਂ ਆਪਣੇ ਅੰਦਰ ਸਾਂਭੀ ਰਣਧੀਰ ਵੱਲ ਉਵੇਂ ਦੇ ਉਵੇਂ ਤੱਕੀ ਜਾ ਰਹੇ ਸਨ।

ਉਦੋਂ ਵੀ ਰਣਧੀਰ ਅੱਜ ਵਾਂਗ ਹੀ ਚੁੱਪ ਰਿਹਾ ਸੀ। ਏਸ ਤੱਕਣੀ ਤੇ ਚੁੱਪ ਤੋਂ ਉਨ੍ਹਾਂ ਦੋਵਾਂ ਦੀ ਸਾਂਝੀ ਜ਼ਿੰਦਗੀ ਸ਼ੁਰੂ ਹੁੰਦੀ ਸੀ।

ਆਦਿ ਚੁੱਪ” ।

ਅੰਤ ਚੁੱਪ” ।

“ਤੇ ਫੇਰ ਉਹ ਦੋਵੇਂ ਬੀ ਏ ਕਰ ਕੇ ਐਮ ਏ ਵਿਚ ਇਕੱਠੇ ਇਕੋ ਵਿਚ ਪੜ੍ਹੇ ਸਨ। ਵੰਨ-ਸਵੰਨੀਆਂ ਕਿਤਾਬਾਂ ਨੇ ਦੋਵਾਂ ਦਿਲਾਂ ਵਿਚਾਲੇ ਬੜਾ ਪਿਆਰਾ ਤੇ ਨਿੱਗਰ ਪੁਲ ਉਸਾਰ ਲਿਆ ਸੀ। ਰਣਧੀਰ ਦੀ ਕਵਿਤਾ ਸੁਖਵੰਤ ਨੂੰ ਬੜੀ ਚੰਗੀ ਲੱਗਦੀ ਸੀ। ਹੁਣ ਉਹਦੀ ਕਵਿਤਾ ਵਿਚ ਪਹਿਲਾਂ ਵਾਂਗ ਉਦਾਸੀ ਦਾ ਹੀ ਇਕ-ਰੰਗਾਪਣ ਨਹੀਂ ਸੀ ਰਿਹਾ, ਮਮੋਲੇ ਨੈਣਾਂ ਅੰਦਰ ਸਾਂਭੀ ਦੁਨੀਆਂ ਨੇ ਜਜ਼ਬਿਆਂ ਦੀ ਸਾਰੀ ਸਤਰੰਗੀ ਉਹਦੀਆਂ ਕਵਿਤਾਵਾਂ ਵਿਚ ਰਚਾ ਦਿੱਤੀ ਸੀ। ਰਣਧੀਰ ਨੂੰ ਸੰਗੀਤ ਬੜਾ ਪਿਆਰਾ ਲੱਗਦਾ ਸੀ ਤੇ ਸੁਖਵੰਤ ਦਾ ਕੋਈ ਗਲਾ ਸੀ!

“ਤੇ ਫੇਰ ਉਹ ਦੋਵੇਂ ਸਾਰੇ ਕਾਲਜ ਵਿਚ ਟੈਨਿਸ ਦੇ ਜੇਤੂ ਖਿਡਾਰੀ ਹੋ ਗਏ।

ਕਿਤਾਬਾਂ ਪੜ੍ਹਦਿਆਂ ਤੇ ਖਿਆਲਾਂ ਵਿਚ ਤੂਫ਼ਾਨ ਆ ਗਿਆ। ਦੋਵਾਂ ਦੀ ਜਵਾਨੀ ਦੇ ਪਵਿੱਤਰ ਜਜ਼ਬਿਆਂ ਨੂੰ ਸੂਝ ਦੀ ਟੋਹਣੀ ਲੱਭ ਪਈ। ਉਨ੍ਹਾਂ ਮਨੁੱਖ ਸਾਂਝੀ ਖੁਸ਼ੀ ਸੰਗਰਾਮ ਤੇ ਇਸ ਸੰਗਰਾਮ ਵਿਚ ਸਾਥੀਆਂ ਵਿਚਾਲੇ ਪੁੰਗਰਦੀ ਮੁਹੱਬਤ ਦੇ ਰੰਗ ਆਪਣੇ ਵਿਚ ਰਚਾ ਲਏ। ਹੁਣ ਰਣਧੀਰ ਤੇ ਸੁਖਵੰਤ ਟੈਨਿਸ ਕੋਰਟ ਵਿਚ ਘੱਟ ਦਿਸਦੇ ਸਨ ਤੇ ਮੀਟਿੰਗਾਂ, ਬਹਿਸਾਂ, ਜਲਸਿਆਂ ਵਿਚ ਵੱਧ। ਰਣਧੀਰ ਦੀਆਂ ਕਵਿਤਾਵਾਂ ਵਿਚ ਲੋਕ ਪੀੜ ਦੀ ਚੀਸ, ਤੇ ਸਾਂਝੀਆਂ ਖੁਸ਼ੀਆਂ ਦੀ ਆਸ ਵੀ ਰਲ ਗਈ। ਸੁਖਵੰਤ ਉਹਦੇ ਲਿਖੇ ਗੀਤ ਬੜੇ ਜੋਸ਼ ਨਾਲ ਗਾਉਂਦੀ। "ਇਹ ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਸਾਡਾ ਦੋਗਾਣਾ ਏ" , ਸੁਖਵੰਤ ਨੇ ਇਕ ਵਾਰ ਰਣਧੀਰ ਨੂੰ ਕਿਹਾ ਸੀ।

ਕਾਲਜ ਦੀ ਪੜ੍ਹਾਈ ਮੁਕਾ ਲੈਣ ਪਿਛੋਂ ਇਕ ਵਾਰ ਸੁਖਵੰਤ ਰਣਧੀਰ ਦੇ ਪਿੰਡ ਆਈ ਸੀ। ਉਹ ਇਕੱਠੇ ਸੈਰ ਕਰਨ ਲਈ ਬਾਹਰ ਪੈਲੀਆਂ ਵੱਲ ਦੂਰ ਨਿਕਲ ਗਏ ਸਨ।

ਇਕ ਪੈਲੀ ਕੋਲ ਸੁਖਵੰਤ ਰੁਕ ਗਈ ਤੇ ਉਹਨੇ ਬੜੀ ਹੈਰਾਨੀ ਨਾਲ ਪੁੱਛਿਆ ਸੀ, "ਇਥੇ ਤੇ ਇੰਜ ਏ ਜਿਵੇਂ ਬੜੇ ਸੁਹਣੇ ਪੁਲਾਅ ਦੀ ਖੁਸ਼ਬੋ ਆ ਰਹੀ ਹੋਵੇ। ਬੜੀ ਹੈਰਾਨੀ ਦੀ ਗੱਲ ਏ, ਵਸੋਂ ਤਾਂ ਏਥੋਂ ਬੜੀ ਦੂਰ ਏ।"

ਤੇ ਰਣਧੀਰ ਨੇ ਦੱਸਿਆ ਸੀ, "ਇਹ ਬਾਸਮਤੀ ਦੀ ਈ ਤਾਂ ਪੈਲੀ ਏ। ਝੱਲੀਏ ਸ਼ਹਿਰਨੇ, ਇਹਦੀ ਖੁਸ਼ਬੋ ਈ ਤਾਂ ਪੁਲਾਵਾਂ ਵਿਚ ਹੁੰਦੀ ਏ।"

ਤੇ ਸੁਖਵੰਤ ਜਿਦ੍ਹਾ ਪਿਓ ਚੌਲਾਂ ਦਾ ਉਘਾ ਵਪਾਰੀ ਸੀ, ਆਪਣੇ ਅਣਜਾਣਪੁਣੇ ਉਤੇ ਬੜੀ ਸ਼ਰਮਾਈ। ਉਹਦੀਆਂ ਪੁਸ਼ਾਕਾਂ, ਉਹਦੀ ਪੜ੍ਹਾਈ, ਉਹਦਾ ਸੰਗੀਤ ਬਾਸਮਤੀ ਵਿਚੋਂ ਹੀ ਉਪਜੇ ਸਨ, ਪਰ ਉਹਨੇ ਬਾਸਮਤੀ ਦੀ ਪੈਲੀ ਕਦੇ ਨਹੀਂ ਸੀ ਤੱਕੀ।

ਆਥਣ ਦੇ ਮਟਕ ਚਾਨਣੇ ਵਿਚ ਸੁਖਵੰਤ ਤੇ ਰਣਧੀਰ ਬਾਸਮਤੀ ਦੀ ਪੈਲੀ ਦੇ ਇਕ ਬੰਨੇ ਬਹਿ ਗਏ ਸਨ।

ਸੁਖਵੰਤ ਨੇ ਬੜੇ ਲਾਡ ਨਾਲ ਬਾਸਮਤੀ ਦੀਆਂ ਮੁੰਜਰਾਂ ਨੂੰ ਦੁਲਾਰਿਆ। ਉਹਨੇ ਉਨ੍ਹਾਂ ਸੁਬਕ ਲੜੀਆਂ ਵਿਚੋਂ ਦੂਧੀਆ ਦਾਣੇ ਕੱਢੇ, ਰਣਧੀਰ ਦੇ ਮੂੰਹ ਵਿਚ ਪਾਏ ਤੇ ਫੇਰ ਆਪਣੇ ਮੂੰਹ ਵਿਚ।

"ਮੈਂ ਬਾਸਮਤੀ ਦੀ ਪੂੰਜੀ ਉਤੇ ਪਲ ਕੇ ਏਡੀ ਹੋਈ ਹਾਂ, ਪਰ ਮੈਂ ਬਾਸਮਤੀ ਹੁਣ ਤੋਂ ਪਹਿਲਾਂ ਕਦੇ ਨਹੀਂ ਵੇਖੀ। ਤੇ ਜਿਹੜੇ ਨਿੱਤ ਬਾਸਮਤੀਆਂ ਉਗਾਣ ਲਈ ਏਨੀ ਮਿਹਨਤ ਕਰਦੇ ਨੇ, ਸ਼ਾਇਦ ਉਨ੍ਹਾਂ ਪੂੰਜੀ ਕਦੇ ਨਹੀ ਦੇਖੀ।"

ਤੇ ਫੇਰ ਇੰਜ ਸੀ ਜਿਵੇਂ 'ਮਾਂ' ਦਾ ਲੇਖਕ ਗੋਰਕੀ ਉਨ੍ਹਾਂ ਦੋਵਾਂ ਕੋਲ ਇਸ ਪੈਲੀ ਦੇ ਬੰਨੇ ਆਣ ਬੈਠਾ ਹੋਵੇ, ਤੇ ਜਵਾਨੀ ਨੇ ਬੜੇ ਇਰਾਦੇ ਬਣਾਏ, ਨਵੀਂ ਦੁਨੀਆਂ ਸਾਜਣ ਦੇ, ਸੰਗਰਾਮ ਵਿਚ ਰਲਣ ਦੇ, ਇਕੱਠੇ ਇਸ ਰਾਹ ਉਤੇ ਤੁਰਨ ਦੇ, ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਆਪਣਾ ਦੋਗਾਣਾ ਸਦਾ ਗਾਉਂਦੇ ਰਹਿਣ ਦੇ। ਤੇ ਦੋਵਾਂ ਨੇ ਇਕ ਦੂਜੇ ਦੇ ਹੱਥ ਘੁੱਟ ਲਏ, ਇਕ ਦੂਜੇ ਦੁਆਲੇ ਬਾਹਵਾਂ ਘੁੱਟ ਲਈਆਂ। ਬਾਸਮਤੀ ਦੀ ਮਹਿਕ ਤੇ ਜ਼ਿੰਦਗੀ ਦੇ ਨਵੇਂ ਇਰਾਦਿਆਂ ਵਿਚ ਅਜਿਹਾ ਨਸ਼ਾ ਸੀ ਕਿ ਦੋਵਾਂ ਦੇ ਬੁੱਲ੍ਹ ਜੁੜ ਗਏ। ਦੂਧੀਆ ਦਾਣਿਆਂ ਦਾ ਸਵਾਦ ਦੁਵੱਲੀਂ ਰਲ ਗਿਆ।

ਉਹ ਬਾਸਮਤੀ ਦੀ ਪੈਲੀ ਤੋਂ ਬੜੇ ਨਰੋਏ ਹੋ ਕੇ ਪਰਤੇ ਸਨ। ਇਨ੍ਹੀਂ ਦਿਨੀਂ ਹੀ ਰਣਧੀਰ ਦਾ ਪਹਿਲਾ ਕਾਵਿ ਸੰ੍ਗਹਿ ਛਪਿਆ ਸੀ।"

"ਸੁਖਵੰਤ!
ਤੂੰ ਮੈਨੂੰ ਅਨੰਤ ਬਣਾ ਦਿੱਤਾ ਏ,
ਅਜਿਹਾ ਹੈ ਤੇਰਾ ਅਨੰਦ।"

ਤੇ ਫੇਰ ਬੁੱਢੀਆਂ ਕਾਲੀਆਂ ਕੀਮਤਾਂ ਨੇ ਜਵਾਨੀ ਨੂੰ ਪੱਛਣਾ ਸ਼ੁਰੂ

ਸੁਖਵੰਤ ਦੇ ਘਰ ਦੇ ਬੜੇ ਖੁੱਲ੍ਹੇ ਦਿਲ ਦੇ ਸਨ, ਪਰ ਕੋਈ ਹੱਦ ਹੁੰਦੀ

ਏਡੇ ਚੰਗੇ ਘਰ ਦੀ ਕੁੜੀ ਕਿਸੇ ਕਵੀ ਨਾਲ ਕਿਵੇਂ ਵਿਆਹੀ ਜਾ ਸਕਦੀ ਹੈ! ਤੇ ਉਹ ਵੀ ਇਨਕਲਾਬ ਦਾ ਜਨੂੰਨੀ ਕਵੀ।

ਫੇਰ ਮੇਲ-ਜੋਲ ਬੰਦ।

ਚਿੱਠੀ ਪੱਤਰ ਬੰਦ।

ਇਕ-ਦੂਜੇ ਦੀ ਸੋਅ ਬੰਦ।

ਮਾਪਿਆਂ ਨੇ ਸੁਖਵੰਤ ਨੂੰ ਦੂਰ ਬੰਬਈ ਉਹਦੇ ਵੱਡੇ ਭਰਾ ਕੋਲ ਭੇਜ ਦਿੱਤਾ।

ਪਹਿਰੇ ਤਣ ਗਏ।

ਇਕ ਸਾਲ ਬੀਤ ਗਿਆ, ਹੋਰ ਸਾਲ ਤੇ ਇਕ ਹੋਰ।

ਅਵਾਈਆਂ ਆਉਂਦੀਆਂ ਰਹੀਆਂ। ਸੁਖਵੰਤ ਡਟੀ ਰਹੀ, ਜਦੋਂ ਕੋਈ ਰਣਧੀਰ ਦਾ ਨਾਂ ਲਏ, ਉਹਦੀ ਮਾਂ ਨੂੰ ਗਸ਼ ਪੈ ਜਾਂਦੀ; ਉਹਦਾ ਪਿਓ ਉਹਦੇ ਨਾਲ ਬੋਲਦਾ ਨਾ; ਉਹਦਾ ਭਰਾ ਕਿਸੇ ਫੌਜੀ ਅਫ਼ਸਰ ਨਾਲ ਉਹਨੂੰ ਵਿਆਹੁਣ ਦਾ ਆਹਰ-ਪਾਹਰ ਕਰ ਰਿਹਾ ਹੈ" ।

ਅਖੀਰਲੀ ਮਿਲਣੀ ਤੋਂ ਚਾਰ ਵਰ੍ਹਿਆਂ ਪਿਛੋਂ, ਇਕ ਦਿਨ 'ਇਲਸਟਰੇਟਿਡ ਵੀਕਲੀ' ਵਿਚ ਵਿਆਹੇ ਜੋੜਿਆਂ ਦੀਆਂ ਕਿੰਨੀਆਂ ਸਾਰੀਆਂ ਤਸਵੀਰਾਂ ਵਿਚ ਰਣਧੀਰ ਨੇ ਸੁਖਵੰਤ ਦੀ ਤਸਵੀਰ ਤੱਕੀ।

ਅੱਜ ਜ਼ਿੰਦਗੀ ਦੇ ਵਿਸ਼ਾਲ ਰਾਹਾਂ ਉਤੇ ਰਣਧੀਰ ਸੁਖਵੰਤ ਨੂੰ ਮਿਲ ਪਿਆ ਸੀ। ਪਲ ਦੇ ਪਲ ਲਈ ਮਿਲਣ-ਵਾਰ ਚੜ੍ਹਿਆ ਸੀ। ਏਨੀ ਦੇਰ ਮਗਰੋਂ ਉਹ ਮਿਲੇ ਸਨ, ਤੇ ਏਨੀ ਕੁ ਦੇਰ ਲਈ! ਰਾਹ ਜੂ ਵੱਖ ਹੋ ਗਏ ਹੋਏ ਸਨ ਉਨ੍ਹਾਂ ਦੇ। ਬਾਸਮਤੀ ਦੀ ਪੈਲੀ ਦੇ ਕੰਢੇ ਜਿਸ ਰਾਹ ਉਤੇ ਚੱਲਣ ਦਾ ਪ੍ਰਣ ਉਨ੍ਹਾਂ ਦੋਵਾਂ ਕੀਤਾ ਸੀ, ਉਸੇ ਰਾਹ ਉਤੇ ਰਣਧੀਰ ਸਾਬਤ-ਕਦਮੀਂ ਚੱਲ ਰਿਹਾ ਸੀ।

ਪਰ ਸੁਖਵੰਤ ਸੁਖਵੰਤ!

ਲੜਖੜਾਂਦੇ ਬਲਬੀਰ ਨੂੰ ਮੇਜਰ ਸਾਹਿਬ ਨਾਲ ਦੇ ਬਿਸਤਰੇ ਉਤੇ ਛੱਡਣ ਆਏ। ਦੂਰ ਦੂਰ ਤੱਕ ਸ਼ਰਾਬ ਦੀ ਹਵਾੜ ਖਿੱਲਰ ਗਈ।

ਬਾਸਮਤੀ ਦੀ ਮਹਿਕ ਕਿੰਨੀ ਦੂਰ ਸੀ, ਕਿੰਨੀ ਦੂਰ!

# ਬਸ਼ੀਰਾ

ਬਸ਼ੀਰਾ ਤੇ ਮੈਂ ਬੜੇ ਚੰਗੇ ਬੇਲੀ ਸਾਂ । ਲੁਕਣ-ਮੀਟੀ ਜਾਂ ਕਿਸੇ ਹੋਰ ਖੇਡ ਵਿੱਚ ਜਦੋਂ ਹਾਣੀ ਬਣਨਾ ਹੁੰਦਾ ਤਾਂ ਅਸੀਂ ਦੋਵੇਂ ਕੋਸ਼ਸ਼ ਕਰਦੇ ਕਿ ਅਸੀਂ ਹਾਣੀ ਬਣੀਏਂ ਜੇ ਕਿਤੇ ਬੰਟਿਆਂ ਤੋਂ, ਦਵਾਤ ਡੁਲ੍ਹਣ ਤੋਂ ਜਾਂ ਬਾਲ-ਉਮਰ ਦੇ ਹੋਰ ਸੈਆਂ ਬਹਾਨਿਆਂ ਤੋਂ ਜੇ ਕੋਈ ਮੇਰੇ ਨਾਲ ਲੜ ਪੈਂਦਾ ਤਾਂ ਉਹ ਨਿੱਤ ਮੇਰੀ ਮਦਦ ਕਰਦਾ।ਜਮਾਤ ਵਿੱਚ ਜੋ ਕੁਝ ਉਸਨੂੰ ਸਮਝ ਨਾ ਪੈਂਦਾ ਤਾਂ ਮੈਂ ਸਮਝਾ ਦੇਂਦਾ। ਇਮਤਿਹਾਨ ਲਈ ਅਸੀਂ ਕੱਠੇ ਤਿਆਰੀ ਕਰਦੇ, ਤੇ ਜਿੰਨਾ ਕੁਝ ਮੈਨੂੰ ਆਉਂਦਾ ਹੁੰਦਾ ਮੈਂ ਉਹਨੂੰ ਪੜ੍ਹਾ ਦਿੰਦਾ । ਅਸੀਂ ਇਕ ਦੂਜੇ ਦੀ ਬਾਂਹ ਸਾਂ।

ਮੈਂ ਛੋਟਿਆਂ ਹੁੰਦਿਆਂ ਤੋਂ ਬਹੁਤ ਹੀ ਘਟ ਕਦੇ ਰੋਇਆ ਹੋਵਾਂਗਾ ।···ਹਾਂ ਇਕ ਵਾਰ ਦਾ ਚੇਤਾ ਏ ਮੈਂ ਫਰਨ ਫਰਨ ਰੋਈ ਜਾਂਦਾ ਸਾਂ ਤੇ ਬਸ ਹੀ ਨਹੀਂ ਸਾਂ ਕਰਦਾ।ਖੇਡਦਿਆਂ ਖੇਡਦਿਆਂ ਬਸ਼ੀਰੇ ਨੂੰ ਮੱਥੇ ਦੇ ਵਿਚਕਾਰ ਵੱਡਾ ਸਾਰਾ ਭੂੰਡ ਲੜ ਗਿਆ ਸੀ।ਤੇ ਉਹਦੇ ਨੱਕ ਵਿਚੋਂ ਲਹੂ ਦੀ ਤਤੀਰੀ ਛੁੱਟ ਪਈ ਸੀ ਤੇ ਬੇਵਸਾ ਜਿਹਾ ਹੋ ਕੇ ਰੋਣ ਲਗ ਪਿਆ ਸਾਂ,...,,ਮੈਨੂੰ ਆਪਣੇ ਮੱਥੇ ਵਿੱਚ ਸੋਜ ਚੜ੍ਹਦੀ ਜਾਪੀ ਸੀ...।

ਕਈ ਮੁੰਡੇ ਯਾਰੀ ਤੋਂ ਸੜਦੇ ਹੁੰਦੇ ਸਨ । ਮੈਂ ਜਮਾਤ ਵਿਚ ਪੜ੍ਹਾਈ ਸਭ ਤੋਂ ਚੰਗਾ ਸਾਂ...ਤੇ ਬਸ਼ੀਰਾ ਖੇਡਾਂ ਦੌੜਾਂ ਵਿੱਚ।ਨਾਲੇ ਬਸ਼ੀਰਾ ਗਾਉਂਦਾ ਬੜਾ ਚੰਗਾ ਸੀ ਤੇ ਸਵੇਰੇ ਪੜ੍ਹਾਈ ਤੋਂ ਪਹਿਲਾਂ ਜਿਹੜੀ 'ਪਰੇਅਰ' ਹੁੰਦੀ ਸੀ, ਉਹਦੇ ਵਿੱਚ ਅਗਵਾਈ ਕਰਦਾ ਹੁੰਦਾ ਸੀ ।ਬਸ਼ੀਰਾ ਮੇਰੇ ਤੋਂ ਪਹਿਲਾਂ ਦਾ ਇਸ ਸਕੂਲ ਵਿੱਚ ਪੜ੍ਹਦਾ ਸੀ । ਪਹਿਲੋਂ ਸੁਣਿਆ ਏਂ ਉਹ ਪੜ੍ਹਾਈ ਵਿੱਚ ਬੜਾ ਨਲਾਇਕ ਸੀ।ਮੈਨੂੰ ਆਪਣੇ ਪਿਛਲੇ ਸਕੂਲ ਵਿੱਚ ਡਰਿਲ ਮਾਸਟਰ ਕੋਲੋਂ ਬੜਾ ਡਰ ਲਗਦਾ ਹੁੰਦਾ ਸੀ । ਹਾਕੀ ਫ਼ੁਟ-ਬਾਲ ਤੇ ਹੋਰਨਾਂ ਖੇਡਾਂ ਵਿੱਚੋਂ ਕੁਝ ਵੀ ਮੈਨੂੰ ਨਹੀ' ਸੀ ਆਉਂਦਾ । ਪਰ ਜਦੋਂ ਦਾ ਮੈਂ ਇਸ ਸਕੂਲ ਵਿੱਚ ਆਇਆ ਸਾਂ, ਮੇਰਾ ਇਹ ਡਰ

ਹਟ ਗਿਆ ਸੀ, ਤੇ ਮੈਂ ਖੇਡਾਂ ਵਿੱਚ ਚੰਗਾ ਹੋ ਗਿਆ ਸਾਂ, ਤੇ ਬਸ਼ੀਰਾ ਪੜ੍ਹਾਈ ਅਜਿਹਾ ਜਾਦੂ ਸੀ ਸਾਡੀ ਯਾਰੀ ਦਾ।

ਬਸ਼ੀਰੇ ਦੀ ਫ਼ੁਟ-ਬਾਲ ਵਿੱਚ ਕਿੱਕ ਬੜੀ ਮਸ਼ਹੂਰ ਹੁੰਦੀ ਸੀ । ਜਦੋਂ ਸਾਡਾ ਮੈਚ ਕਿਸੇ ਹੋਰ ਸਕੂਲ ਨਾਲ ਹੋਣਾ ਹੁੰਦਾ ਤਾਂ ਉਹਨਾਂ ਦੇ ਖਿਡਾਰੀ ਬਸ਼ੀਰੇ ਦੇ ਗੋਡੇ ਗਿੱਟੇ ਭੰਨਣ ਦੀ ਉਡੀਕ ਵਿੱਚ ਹੀ ਰਹਿੰਦੇ ... ਪਰ ਘਟ ਈ ਕਦੇ ਸੱਟ ਫੇਟ ਲਗਦੀ।ਤੇ ਉਹ ਫ਼ੁਟ-ਬਾਲ ਨੂੰ ਇੰਜ ਘੁਮਾਉਂਦਾ ਕਿ ਤਕਣ ਵਾਲੇ ਹੈਰਾਨ ਰਹਿ ਜਾਂਦੇ, ਤੇ ਉੱਚੀ ਉੱਚੀ ਉਹਦਾ ਨਾਂ ਲੈ ਕੇ ਉਹਦੀਆਂ ਤਰੀਫਾਂ ਕਰਦੇ।ਇਹ ਤਰੀਫਾਂ ਮੈਨੂੰ ਜਾਪਦੀਆਂ ਲੋਕ ਮੇਰੀਆਂ ਕਰ ਰਹੇ ਹੋਣ । ਤੇ ਮੈਂ ਫ਼ੁਟਬਾਲ ਦੇ ਮੈਚ ਵਾਲੇ ਦਿਨ ਆਪਣੇ ਆਪ ਵਿਚ ਮਿਉਂਦਾ ਨਹੀਂ ਸਾਂ ਹੁੰਦਾ।

ਮੇਰੇ ਘਰ ਦੇ ਮੇਰਾ ਜਨਮ-ਦਿਨ ਮਨਾਉਂਦੇ ਹੁੰਦੇ ਸਨ । ਇਸ ਦਿਨ ਸਾਡੇ ਕਈ ਰਿਸ਼ਤੇਦਾਰ ਮੁੰਡਿਆਂ ਕੁੜੀਆਂ ਨੂੰ ਮਾਤਾ ਜੀ ਸ਼ਹਿਰੋਂ ਬੁਲਾਂਦੇ । ਬੜੇ ਸੁਹਣੇ ਕਪੜੇ ਪਾਈ ਇਹ ਸੁਹਣੇ ਮੁੰਡੇ ਤੇ ਇਹ ਸੁਹਣੀਆਂ ਕੁੜੀਆਂ ਆਉਦੀਆਂ । ਸੁਹਣੀਆਂ ਸੁਗ਼ਾਤਾਂ ਲਈ...ਖਿਡੌਣੇ ਮੇਰੇ ਮਨ ਨੂੰ ਲਲਚਾਂਦੇ ਸਨ, ਟਾਫ਼ੀਆਂ ਤੇ ਚਾਕਲੇਟ ਜਿਨ੍ਹਾਂ ਦੀ ਅਨੋਖੀ ਮਿਠਾਸ ਗਲੇ ਤੇ ਜੀਭ ਵਿੱਚ ਕਿੰਨੀ ਦੇਰ ਜਿਉਂਦੀ ਰਹਿੰਦੀ ਸੀ, ਤੇ ਪਰੀ ਦੇਸ਼ ਦੀ ਸੈਰ ਕਰਾਂਦੀਆਂ ਮੂਰਤਾਂ ਵਾਲੀਆਂ ਕਿਤਾਬਾਂ । ਸੁਹਣੀਆਂ ਕੁੜੀਆਂ ਅੱਖਾਂ ਮਟਕਾ ਮਟਕਾ ਕੇ ਅੰਗਰੇਜ਼ੀ ਵਿੱਚ ਗੌਣ ਗੌਂਦੀਆਂ । ਬਸ਼ੀਰਾ ਝਕਦਿਆਂ ਝਕਦਿਆਂ ਸ਼ਰਮ ਨਾਲ ਦੂਹਰਾ ਹੋਇਆ ਇਕ ਨੁਕਰੇ ਬੈਠਾ ਰਹਿੰਦਾ । ਉਹਨੇ ਗੌਣਾ ਤਾਂ ਕੀ ਉਹਦੇ ਮੂੰਹੋਂ ਗਲ ਵੀ ਇਨ੍ਹਾਂ ਸਾਹਮਣੇ ਨਹੀਂ ਸੀ ਨਿਕਲਦੀ । ਇਹਨਾਂ ਸਾਹਮਣੇ ਉਹ ਘੱਟ ਈ ਕੁਝ ਖਾਂਦਾ, ਮਤੇ ਉਹਦੀ ਕਿਸੇ ਗ਼ਲਤੀ ਤੇ ਇਹ ਸਭ ਵਲੈਤੀ ਮਠਿਆਈ ਵਾਂਗ ਸੁਹਣੇ ਕਾਗ਼ਜ਼ਾਂ ਵਿਚ ਵਲ੍ਹੇਟੇ ਹਸ ਨਾ ਪੈਣ।

ਤੇ ਮੈਨੂੰ ਇਹ ਸਾਰੇ.....ਅੰਗਰੇਜ਼ੀ ਗੌਣ ਗੌਂਦੀਆਂ ਕੁੜੀਆਂ ਤੇ ਸੁਗ਼ਾਤਾਂ-ਲੱਦੇ ਮੁੰਡੇ ਚੰਗੇ ਨਾ ਲਗਦੇ, ਕਿਉਂਕਿ ਬਸ਼ੀਰਾ ਇਹਨਾਂ ਸਾਹਮਣੇ ਹਸਦਾ ਨਹੀਂ ਹਾਸਾ ਜਿਦ੍ਹੇ ਵਿਚ ਮੈਨੂੰ ਬਾਸਮਤੀ ਖੇਤਾਂ ਦੀ ਮਹਿਕ ਜਾਪਦੀ ਹੁੰਦੀ ਸੀ, ਕਿਉਂਕਿ ਬਸ਼ੀਰਾ ਇਹਨਾਂ ਸਾਹਮਣੇ ਗੌਂਦਾ ਨਹੀਂ ਸੀ, ਗੀਤ ਜਿਨ੍ਹਾਂ ਦੀ ਹੇਕ ਲੰਮ ਸਲੰਮੇ

ਰੁੱਖਾਂ ਵਾਂਗ ਸੀ । ਇਹਨਾਂ ਸਾਹਮਣੇ ਬਸ਼ੀਰਾ ਕੁਝ ਇੰਜ ਸੁੰਗੜ ਕੇ ਬਹਿੰਦਾ ਕਿ ਉਹਦਾ ਕੱਦ ਵੀ ਛੋਟਾ ਹੋ ਗਿਆ ਜਾਪਦਾ ।

ਇਹਨਾਂ ਮੁੰਡਿਆਂ ਕੁੜੀਆਂ ਵਿਚੋਂ ਮੈਨੂੰ ਇਕ ਕੁੜੀ ਕਾਂਤੀ ਚੰਗੀ ਲਗਦੀ ਸੀ, ਕਿਉਂਕਿ ਉਹ ਬਸ਼ੀਰੇ ਨਾਲ ਗੱਲ ਕਰਦੀ ਸੀ ਤਾਂ ਉਹਦੇ ਮੂੰਹ ਮੱਥੇ ਤੇ ਕੋਈ ਅਮੀਰੀ ਦੇ ਵੱਟ ਨਹੀਂ ਸੀ ਪੈਂਦੇ, ਤੇ ਉਸਦੇ ਦਿਲ ਵਿਚ ਅੰਗਰੇਜ਼ੀ ਨਹੀਂ ਸੀ ਹੁੰਦੀ। ਉਹਨੇ ਮੇਰੇ ਲਈ ਲਿਆਂਦੀਆਂ ਸੁਗ਼ਾਤਾਂ ਵਿਚੋਂ ਰੰਗ-ਬਰੰਗੀ ਜਰਸੀ ਬਸ਼ੀਰੇ ਨੂੰ ਵੀ ਦਿੱਤੀ ਸੀ । ਕਾਂਤੀ ਇਸ ਤੋਂ ਮਗਰੋਂ ਜਦੋਂ ਵੀ ਹੱਸਦੀ......ਉਹਦੇ ਹਾਸੇ ਵਿੱਚੋਂ ਵੀ ਮੈਨੂੰ ਬਾਸਮਤੀ ਦੇ ਖੇਤਾਂ ਦੀ ਮਹਿਕ ਆਣ ਲਗ ਪਈ ਸੀ ।

ਮੇਰਾ ਕਮਰਾ, ਮੇਰੀ ਅਲਮਾਰੀ, ਮੇਰਾ ਸੰਦੂਕ···ਸਭ ਕੁਝ ਜਨਮ ਦਿਨ ਦੀਆਂ ਸੁਗ਼ਾਤਾਂ ਨਾਲ ਭਰ ਜਾਂਦੇ । ਪਰ ਮੈਨੂੰ ਇਸ ਲੈਣ ਤੋਂ ਵਧ ਤੋਂ ਵਧ ਅਨੰਦ ਆਪਣੇ ਜਨਮ-ਦਿਨ ਤੇ ਬਸ਼ੀਰੇ ਨੂੰ ਕੁਝ ਯਾਰੀ ਦੀ ਨਿਸ਼ਾਨੀ ਵਜੋਂ ਦੇਣ ਵਿਚ ਆਉਂਦਾ ਮੈਂ ਇਕ ਵਾਰ ਉਹਨੂੰ ਬੜਾ ਵਧੀਆ ਫ਼ੁਟਬਾਲ ਦਿੱਤਾ । ਫ਼ੁਟਬਾਲ ਦਾ ਉਹ ਮਦਾਰੀ ਸੀ।ਤੇ ਇਹ ਲੈ ਕੇ ਬੜਾ ਖ਼ੁਸ਼ ਹੋਇਆ ।

ਇਹ ਪਹਿਲਾ ਫ਼ੁਟਬਾਲ ਸੀ ਜਿਹੜਾ ਨਿਰੋਲ ਉਹਦਾ ਆਪਣਾ ਸੀ।

ਅਸੀਂ ਬਾਲ ਪਨ ਦੀਆਂ ਉਡਾਰੀਆਂ ਵਿੱਚ ਕਈ ਥਾਂ, ਕਈ ਸ਼ਹਿਰ, ਕਈ ਧਰਤੀਆਂ ਉਡ ਚੁਕੇ ਸਾਂ ।

"...ਬਸ਼ੀਰਿਆ ਅਸੀਂ ਕਾਲਜ ਵਿਚ ਵੀ ਕੱਠੇ ਪੜ੍ਹਾਂਗੇ...ਤੇ ਤੂੰ ਫ਼ੁਟਬਾਲ ਦੀ ਯੂਨੀਵਰਸਟੀ ਟੀਮ ਵਿਚ ਚੁਣਿਆ ਜਾਏਂਗਾ ।" "ਤੇ ਤੇਜ ਤੂੰ ਬੜੀਆਂ ਕਿਤਾਬਾਂ ਲਿਖੇਂਗਾ । ਮੇਰਾ ਹਾਲ ਵੀ ਲਿਖੀਂ । ਤੇਰੀਆਂ ਕਿਤਾਬਾਂ ਸਾਰੇ ਲੋਕ ਪੜ੍ਹਿਆ ਕਰਨਗੇ । ਕਿਸੇ ਕੋਲ ਤੇਰੀ ਕਿਤਾਬ ਤਕ ਕੇ ਮੈਂ ਮਾਣ ਨਾਲ ਕਿਹਾ ਕਰਾਂਗਾ, "ਇਹ ਮੇਰੇ ਯਾਰ ਨੇ ਲਿਖੀ ਏ ।"

ਫੇਰ ਅਸੀਂ ਪ੍ਰਦੇਸਾਂ ਦੀ ਕੱਠੀ ਸੈਰ ਬਾਰੇ ਸੋਚਦੇ, ਸਮੁੰਦਰ ਦੀਆਂ ਛੱਲਾਂ ਸੁਣਨ ਲਗ ਪੈਂਦੀਆਂ ਤੇ ਫੇਰ ਉਹ ਮੈਨੂੰ ਛੇੜਦਾ :

"ਜਦੋਂ ਅਸੀਂ ਵਾਪਸ ਦੇਸ਼ ਪਰਤਦਿਆਂ ਜਹਾਜ਼ ਤੋ' ਉਤਰਾਂਗੇ ਤਾਂ ਅਗੇ ਉਹ ਕੁੜੀ ਕਾਂਤੀ ਖਲੋਤੀ ਹੋਏਗੀ। ਉਹ ਤੈਨੂੰ ਹਾਰ ਪਾਏਗੀ, ਤੇ ਮੈਨੂੰ ਵੀ ਕਿਉਂਕਿ ਮੈਂ ਤੇਰਾ ਬੇਲੀ ਵਾਂ। ਤੇ ਫੇਰ ਤੂੰ ਉਹਦੇ ਨਾਲ ਵਿਆਹ ਕਰ ਲਏਂਗਾ।"

ਤੇ ਪਤਾ ਨਹੀਂ ਕਿਉਂ ਮੇਰੀਆਂ ਲਾਲ ਗੱਲਾਂ ਸੂਹੀਆਂ ਹੋ ਜਾਂਦੀਆਂ ਸਨ ਮੈਂ ਉਹਨੂੰ ਉਤੋਂ ਉਤੋਂ ਝਿੜਕਦਾ, "ਅਜਿਹੀਆਂ ਗੱਲਾਂ ਨਹੀ' ਕਰੀਦੀਆਂ...ਮੈਂ ਤੇਰੇ ਨਾਲ ਨਹੀਂ ਬੋਲਣਾ," ਪਰ ਅੰਦਰੋਂ ਇਹ ਗਲ ਮੈਨੂੰ ਬੜਾ ਨਿਘ ਦੇ'ਦੀ ਤੇ ਚੰਗੀ ਚੰਗੀ ਲਗਦੀ ਹੁੰਦੀ ਸੀ...

ਇਕ ਦਿਨ ਬਸ਼ੀਰਾ ਸਕੂਲੇ ਨਾ ਆਇਆ, ਫੇਰ ਦੂਜੇ ਦਿਨ ਵੀ ਨਾ। ਮਲੇਰੀਆ ਬੁਖਾਰ ਦਾ ਮੌਸਮ ਸੀ, ਮੈਂ ਜਾਤਾ ਤਾਪ ਚੜ੍ਹ ਗਿਆ ਹੋਣਾ ਸੂ। ਉਹਦਾ ਪਿੰਡ ਮੇਰੇ ਤੋਂ ਤਿੰਨ ਕੋਹ ਤੇ ਸੀ, ਤੇ ਨਾਲੇ ਮੈਂ ਵੀ ਕੁਝ ਢਿਲਾ ਮੱਠਾ ਸਾਂ ਆਪੀਂ ਪਤਾ ਕਰਨ ਨਾ ਜਾ ਸਕਿਆ।

ਹੋਰ ਪੰਜ ਸੱਤ ਦਿਨ ਲੰਘ ਗਏ। ਮੈਂ ਉਡੀਕਦਾ ਰਿਹਾ, ਪਰ ਬਸ਼ੀਰਾ ਫੇਰ ਵੀ ਨਾ ਆਇਆ। ਮੈਨੂੰ ਬੜਾ ਫਿਕਰ ਹੋਇਆ, ਨਾਲੇ ਮੈਂ ਉਸ ਬਾਝੋਂ ਕੁਝ ਓਦਰ ਵੀ ਗਿਆ ਸਾਂ। ਮੈਂ ਉਹਦੇ ਪਿੰਡ ਚਲਾ ਗਿਆ।

ਬਾਹਰ ਵਾਰ ਚਰਾਂਦ ਵਿੱਚ ਹੀ ਬਸ਼ੀਰਾ ਇਕ ਮਝ ਚਰਾਂਦਾ ਮਿਲ ਪਿਆ। ਮੈਂ ਉਹਨੂੰ ਪੁਛਿਆ, "ਬਸ਼ੀਰਿਆ ਤੂੰ ਸਕੂਲੇ ਕਿਉਂ ਨਹੀਂ ਆਉਂਦਾ ?"

ਤੇ ਉਹਨੇ ਜੁਆਬ ਦਿਤਾ, "ਮੇਰੇ ਮੀਏਂ ਨੇ ਮੱਝ ਖਰੀਦ ਲਈ ਏ।"

ਮੈਨੂੰ ਉਦੋਂ ਓਹਦੀ ਗਲ ਸਮਝ ਨਹੀਂ ਸੀ ਆਈ। "ਮੀਏਂ ਨੇ ਮੱਝ ਖਰੀਦ ਲਈ ਏ" ਮੱਝ ਦਾ ਜੋੜ ਮੇਰੀ ਦੁਨੀਆਂ ਵਿਚ ਦੁਧ ਲਸੀ ਨਾਲ ਹੀ ਸੀ।

ਪਰ ਬਸ਼ੀਰੇ ਦੀ ਦੁਨੀਆਂ ਵਿਚ ਤੇ ਕਿੰਨੇ ਹੀ ਲੋਕ ਇਸ ਦੁਨੀਆਂ ਵਿੱਚ ਵਸਦੇ ਹਨ ਜਿਨ੍ਹਾਂ ਲਈ ਮੱਝ ਦਾ ਜੋੜ ਦੁੱਧ ਪੀਣ ਨਾਲ ਨਹੀਂ, ਘਰ ਦੇ ਗੁਜ਼ਾਰੇ ਖਾਤਰ ਠੇਕੇਦਾਰ ਕੋਲ ਸਾਰਾ ਦੁੱਧ ਵੇਚ ਦੇਣ ਨਾਲ ਸੀ, ਸਿੱਪੀ ਸਿੱਪੀ ਦੁੱਧ ਤਰਸਣ ਨਾਲ ਸੀ, ਸਕੂਲੋਂ ਹਟਣ ਤੇ ਬੇਲੀਆਂ ਤੋਂ ਵਿਛੜਨ ਨਾਲ ਸੀ।

"ਬਸ਼ੀਰਿਆ ! ਉਹ ਫੁਟਬਾਲ ਜਿਹੜਾ ਮੈਂ ਤੈਨੂੰ ਦਿੱਤਾ ਸੀ, ਉਹ ਤੇਰਾ ਪਹਿਲਾ ਤੇ ਅਖੀਰਲਾ ਫੁਟਬਾਲ ਸੀ। ਸ਼ੈਦ ਹਾਲੀ ਵੀ ਉਹ ਸੁੰਗੜਿਆ ਹੋਇਆ ਤੇਰੇ ਦਿਲ ਦੀ ਕਿਸੇ ਨੁਕਰੇ ਅਡੋਲ ਪਿਆ ਹੋਣਾ ਏਂ, ਤੇ ਤੇਰੇ ਪੈਰਾਂ ਵਿੱਚ ਕਿੱਕ ਮਾਰਨ ਦੀ ਸੱਧਰ ਕੜਵਲ ਪਾਂਦੀ ਹੋਏਗੀ।

ਬਸ਼ੀਰਿਆ, ਮੈਂ ਤੈਨੂੰ ਫ਼ੁਟਬਾਲ ਤਾਂ ਦਿੱਤਾ, ਪਰ ਮੈਂ ਕਲਾ ਤੈਨੂੰ ਖੇਡਣ ਵਿਹਲ ਨਹੀਂ ਸਾਂ ਦੇ ਸਕਦਾ। ਤੂੰ ਕਾਲਜ ਨਾ ਜਾ ਸਕਿਆ, ਯੂਨੀਵਰਸਿਟੀ ਦੀ ਟੀਮ ਵਿਚ ਨਾ ਜਾ ਸਕਿਆ।" ਮੈਂ ਤੇਰਾ ਯਾਰ ਤੇਜ ਲਿਖਣ ਲਗ ਪਿਆ ਹਾਂ। ਚੇਤੇ ਈ ਤੂੰ ਕਿਹਾ ਸੀ, "ਮੇਰਾ ਹਾਲ ਲਿਖੀਂ", ਮੈਂ ਤੇਰਾ ...ਹਾਲ ਲਿਖਾਂਗਾ, ਤੇ ਸਿਰਫ ਲਿਖਾਂਗਾ ਈ ਨਹੀਂ ਮੈਂ ਆਪਣੀ ਲੇਖਣੀ ਰਾਹੀਂ ਉਹ ਜਿੰਦਗੀ ਲਿਆਣ ਲਈ ਸੰਗਰਾਮ ਕਰਾਂਗਾ ਜਿਸ ਵਿੱਚ ਠੇਕੇਦਾਰ ਸਾਰਾ ਚੁੱਧ ਨਹੀਂ ਚੁਕਾ ਲਿਜਾਣਗੇ, ਤੇ ਬਸ਼ੀਰੇ ਦੁੱਧ ਪੀਣਗੇ, ਜਿੱਥੇ ਕਿੱਕ ਮਾਰਨ ਦੀ ਸਧਰ ਸਾਰੀ ਉਮਰ ਕਿਸੇ ਦੇ ਨੂੰ ਕੜਵਲ ਨਹੀਂ ਪਾਂਦੀ ਰਹੇਗੀ, ਤੇ ਜਿਥੇ ਬਸ਼ੀਰੇ ਦੇ ਬਾਲ-ਮਨ ਦੀਆਂ ਉਡਾਰੀਆਂ ਨੂੰ ਇਕ ਸੰਗਲ ਪਾ ਕੇ ਮੱਝ ਦੇ ਕਿਲੇ ਨਾਲ ਕੋਈ ਨਹੀਂ ਬੰਨ੍ਹ ਸਕੇਗਾ...

# ਭੋਲੂ ਦੀ ਚਿੱਠੀ

ਜਦੋਂ ਭੋਲੂ ਸਕੂਲੇ ਜਾਂਦਾ, ਉਹਦਾ ਬਾਬਾ ਮੰਜੇ ਉੱਤੇ ਨਿਆਈਂ ਦੀਆਂ ਪੈਲੀਆਂ ਵੱਲ ਵੇਖਦਾ ਹੁੰਦਾ। ਜਦੋਂ ਭੋਲੂ ਸਕੂਲੋਂ ਆਉਂਦਾ, ਓਦੋਂ ਵੀ ਉਹਦਾ ਬਾਬਾ ਮੰਜੇ ਉੱਤੇ ਬੈਠਾ ਉਨ੍ਹਾਂ ਨਿਆਈਂ ਦੀਆਂ ਪੈਲੀਆਂ ਵੱਲ ਵੇਖਦਾ ਹੁੰਦਾ। ਇਨ੍ਹਾਂ ਪੈਲੀਆਂ ਵਿਚੋਂ ਕੋਈ ਵੀ ਹੁਣ ਭੋਲੂ ਹੁਰਾਂ ਦੀ ਨਹੀਂ ਸੀਂਪਰ ਬਾਪੂ ਸੂਰਜ ਚੜ੍ਹਨ ਤੋਂ ਸੂਰਜ ਅਸਤਣ ਤੱਕ ਇਨ੍ਹਾਂ ਵੱਲ ਹੀ ਨੀਝ ਲਾਈ ਰੱਖਦਾ।

ਕਦੇ-ਕਦੇ ਭੋਲੂ ਦੀ ਭੈਣ ਆ ਕੇ ਬਾਬੇ ਦੇ ਕੋਲ ਮੰਜੇ ਉੱਤੇ ਬਹਿ ਜਾਂਦੀ, ਤੇ ਬਾਬੇ ਦੀਆਂ ਅੱਖਾਂ ਵਿਚ ਅਥਰੂ ਵੇਖ ਕੇ ਉਹਨੂੰ ਆਖਦੀ, ''ਬਾਬਾ ਤੂੰ ਸਾਡੇ ਸੂਰਬੀਰ ਪਿਓ ਦਾ ਪਿਤਾ ਏਂ! ਏਨੀ ਦਿਲ ਨੂੰ ਨਾ ਲਾ! ਮੈਂ ਜੂ ਤੇਰੀ ਪੁੱਤਾਂ ਵਰਗੀ ਧੀ ਆਂ। ਤੇ ਸੁਖ ਨਾਲ ਸਾਡਾ ਭੋਲੂ ਵੀ ਪੰਜ ਸੱਤ ਵਰ੍ਹਿਆਂ ਨੂੰ ਗੱਭਰੂ ਹੋ

ਬਾਬਾ ਅੱਗੋਂ ਕੋਈ ਜਵਾਬ ਨਾ ਦੇਂਦਾ, ਤੇ ਅੱਥਰੂਆਂ ਦੀਆਂ ਲੜੀਆਂ ਤਰ੍ਹਾਂ ਉਹਦੀਆਂ ਅੱਖਾਂ ਵਿਚੋਂ ਤ੍ਰਿਪਦੀਆਂ ਰਹਿੰਦੀਆਂ, ਓਸੇ ਤਰ੍ਹਾਂ ਉਹ ਆਪਣੇ ਮੰਜੇ ਉੱਤੇ ਬੈਠਾ ਨਿਆਈਂ ਦੀਆਂ ਪੈਲੀਆਂ ਵੱਲ ਵੇਖਦਾ ਰਹਿੰਦਾ।

ਇਹ ਪੈਲੀਆਂ ਹੁਣ ਉਹਨਾਂ ਦੀਆਂ ਨਹੀਂ ਸਨ ਰਹੀਆਂ, ਜੁਗਾਂ ਤੋਂ ਇਹ ਉਨ੍ਹਾਂ ਦੇ ਟੱਬਰ ਦੀਆਂ ਸਨ। ਇਨ੍ਹਾਂ ਦਾ ਝਾੜ ਸਾਰੇ ਇਲਾਕੇ ਵਿਚ ਉਘਾ ਸੀ। ਅਜਿਹੀ ਮੋਟੀ ਪੈਲੀ ਨੇੜੇ-ਤੇੜੇ ਘੱਟ ਹੀ ਕਿਧਰੇ ਸੀ, ਪਰ ਇਹ ਪੈਲੀਆਂ ਹੁਣ ਉਨ੍ਹਾਂ ਦੀਆਂ ਨਹੀਂ ਸਨ ਰਹੀਆਂ।...

ਬਾਬੇ ਦਾ ਪੁੱਤਰ , ਭੋਲੂ ਦਾ ਪਿਤਾ, ਇਨ੍ਹਾਂ ਪੈਲੀਆਂ ਨੂੰ ਬੜੀ ਥੋੜ੍ਹੀ ਦੇਰ ਹੀ ਵਾਹ ਸਕਿਆ ਸੀ, ਤੇ ਫਿਰ ਇਹ ਪਰਾਈਆਂ ਹੋ ਗਈਆਂ ਸਨ।

''ਪੈਲੀ ਮਾਂ ਏ! ਪੈਲੀ ਮਹਿੰ ਏ! ਬਸ ਇਹਦੀ ਸੇਵਾ ਕਰੋ, ਤੇ ਮੌਜਾਂ ਮਾਣੋਂ !'' ਬਾਬਾ ਅਪਣੇ ਪੁੱਤਰ , ਭੋਲੂ ਦੇ ਪਿਤਾ, ਨੂੰ ਕਹਿੰਦਾ ਹੁੰਦਾ ਸੀ।

''ਇਹ ਦੇਸ਼ ਸਾਡੀ ਮਾਂ ਏ! ਤੇ ਸਾਡੀ ਮਾਂ ਗੋਰੇ ਕਸਾਈਆਂ ਨੇ ਕੈਦ ਕਰ ਲਈ ਏ। ਇਹਨੂੰ ਆਜ਼ਾਦ ਕਰਾ ਕੇ ਹੀ ਮੈਂ ਮੌਜਾਂ ਮਾਣਨ ਦੀ ਕਦੇ ਸੋਚਾਂਗਾ,'' ਭੋਲੂ ਦਾ ਪਿਤਾ ਅੱਗੋਂ ਬਾਬੇ ਨੂੰ ਜਵਾਬ ਦੇਂਦਾ ਹੁੰਦਾ ਸੀ।

ਭੋਲੂ ਦਾ ਪਿਤਾ ਆਪਣੇ ਦੇਸ ਦੀ ਆਜ਼ਾਦੀ ਦੀ ਹਰ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ ਸੀ। ਜਦੋਂ ਭੋਲੂ ਦੀ ਭੈਣ ਜੰਮੀ ਸੀ, ਓਦੋਂ ਉਹ ਅੰਗਰੇਜ਼ਾਂ ਦੀ ਜੇਲ੍ਹ ਵਿਚ ਸੀ। ਜਦੋਂ ਭੋਲੂ ਹਾਲੀ ਦੋ ਮਹੀਨਿਆਂ ਦਾ ਹੀ ਹੋਇਆ ਸੀ, ਓਦੋਂ ਫੇਰ ਉਹਨੂੰ ਅੰਗਰੇਜ਼ਾਂ ਦੀ ਜੇਲ੍ਹ ਵਿਚ ਜਾਣਾ ਪਿਆ ਸੀ।

ਇਕ ਵਾਰ ਉਹਨੂੰ ਕੈਦ ਦੇ ਨਾਲ ਜੁਰਮਾਨਾ ਵੀ ਹੋਇਆ ਸੀ, ਤੇ ਜੁਰਮਾਨੇ ਦੀ ਵਸੂਲੀ ਲਈ ਉਨ੍ਹਾਂ ਦੀਆਂ ਪੈਲੀਆਂ , ਨਿਆਈਂ ਦੀਆਂ ਪੈਲੀਆਂ, ਕੁਰਕ ਹੋ ਗਈਆਂ ਸਨ। ਤੇ ਫੇਰ ਦੇਸ ਆਜ਼ਾਦ ਹੋਣ ਤੋਂ ਕੁਝ ਮਹੀਨੇ ਹੀ ਪਹਿਲਾਂ, ਅੰਗਰੇਜ਼ ਦੀ ਜੇਲ੍ਹ ਵਿਚ ਮਿਆਦੀ ਬੁਖਾਰ ਨਾਲ ਘੁਲਦਾ ਭੋਲੂ ਦਾ ਪਿਤਾ ਏਸ ਦੁਨੀਆ ਤੋਂ ਤੁਰ ਗਿਆ ਸੀ।

''ਭਾਰਤ-ਮਾਤਾ ਗੋਰੇ ਕਸਾਈਆਂ ਦੀ ਕੈਦ ' ਚੋਂ ਛੁਟੀ, ਪਰ ਤੈਨੂੰ ਕਾਲ ਲੈ ਗਿਆ'', ਬਾਬਾ ਡੌਰ-ਭੌਰ ਹੋਇਆ ਕਿੰਨੇ ਦਿਨ ਹਉਕੇ ਭਰਦਾ ਰਿਹਾ ਸੀ।

ਬਾਬਾ ਛੇਆਂ ਮਹੀਨਿਆਂ ਵਿਚ ਹੀ ਇੰਜ ਲੱਗਣ ਲੱਗ ਪਿਆ ਸੀ ਜਿਵੇਂ ਕਿਤੇ ਇਹ ਛੇ ਮਹੀਨੇ ਨਹੀਂ , ਛੱਬੀ ਵਰ੍ਹੇ ਸਨ! ਕੁਝ ਤੇ ਪੁੱਤਰ ਦੀ ਸੱਟ ਉਹਨੂੰ ਬੁੱਢਿਆਂ ਕਰ ਗਈ, ਤੇ ਬਾਕੀ ਦੀ ਕਸਰ ਆਪਣੇ ਘਰੋਂ ਥੋੜ੍ਹੀ ਵਿਥ ਉੱਤੇ ਹੀ ਆਪਣੀਆਂ ਮਜਬੂਰ ਪੈਲੀਆਂ ਨੂੰ ਤੱਕਣ ਨੇ ਮੁਕਾ ਦਿੱਤੀ ਸੀ । ਹੁਣ ਜੋਗ ਵੀ ਕਿਸੇ ਕੰਮ ਦੀ ਨਹੀਂ ਸੀ ਰਹੀ। ਖਰਚ ਪੱਠੇ ਤੋਂ ਤੰਗ ਆ ਕੇ ਇਕ ਦਿਨ ਜੋਗ ਵੀ ਉਹਨੇ ਵੇਚ ਦਿੱਤੀ।

ਹੁਣ ਓਸ ਪੈਲੀ ਕੋਲੋਂ ਉਹ ਜੋਗ ਕਈ ਵਾਰ ਲੰਘਦੀ - ਪਰ ਨਾ ਇਹ ਪੈਲੀ ਉਨ੍ਹਾਂ ਦੀ ਰਹੀ ਸੀ, ਤੇ ਨਾ ਇਹ ਜੋਗ!

ਓਸ ਪੈਲੀ ਵਿਚ ਫ਼ਸਲਾਂ ਮੁਟਿਆਰ ਹੁੰਦੀਆਂ, ਫ਼ਸਲਾਂ ਨਿੱਸਰਦੀਆਂ, ਫ਼ਸਲਾਂ ਨੂੰ ਦਾਤਰੀ ਪੈਂਦੀਂਪਰ ਇਹ ਫ਼ਸਲਾਂ ਉਨ੍ਹਾਂ ਦੀਆਂ ਨਹੀਂ ਸਨ, ਇਹ ਸਿੱਟੇ

ਉਨ੍ਹਾਂ ਲਈ ਨਹੀਂ ਸਨ ਨਿੱਸਰੇ, ਇਹ ਦਾਤਰੀ ਉਨ੍ਹਾਂ ਲਈ ਭਰੀਆਂ ਨਹੀਂ ਸੀ ਵੱਢ ਰਹੀ।

ਇਕ ਮੱਝ ਉਨ੍ਹਾਂ ਕੋਲ ਸੀ। ਭੋਲੂ ਦੀ ਭੈਣ ਉਹਨੂੰ ਬਾਹਰੋਂ ਚਰਾ ਲਿਆਂਦੀ, ਭੋਲੂ ਦੀ ਮਾਂ ਉਹਦੇ ਲਈ ਘਾਹ ਖੋਤ ਲਿਆਂਦੀ। ਬਾਬਾ ਤਾਂ ਹਿਲ ਨਹੀਂ ਸੀ ਸਕਦਾ, ਉਹਦੀਆਂ ਲੱਤਾਂ ਜੁੜ ਗਈਆਂ ਹੋਈਆਂ ਸਨ। ਭੋਲੂ ਦੀ ਮਾਂ ਲੋਕਾਂ ਦੇ ਕੱਪੜੇ ਸਿਉਂਦੀ, ਭਾਂਡੇ ਮਾਂਜਦੀ, ਪੀਹਣ ਕਰਦੀ, ਤੇ ਹੋਰ ਜੋ ਵੀ ਕੰਮ ਮਿਲੇ। ਮਾਂ ਕੰਮ ਤੇ ਮੱਝ ਦੇ ਦੁੱਧ ਨਾਲ ਘਰ ਦਾ ਗੁਜ਼ਾਰਾ ਕਿਵੇਂ ਨਾ ਕਿਵੇਂ ਤੁਰਦਾ ਰਿਹਾ।

ਇਕ ਦਿਨ ਮੱਝ ਨੂੰ ਜ਼ਹਿਰਬਾਦ ਹੋ ਗਿਆ। ਬਥੇਰੇ ਆਹਰ-ਪਾਹਰ ਕਰਤੇ , ਪਰ ਉਹ ਵਿਚਾਰੀ ਬਚ ਨਾ ਸਕੀ ਤੇ ਭੋਲੂ ਦੀ ਮਾਂ ਇਕੱਲੀ ਹੀ ਘਰ ਦਾ 'ਮਰਦ' ਰਹਿ ਗਈ।

ਫੇਰ ਭੋਲੂ ਦੀ ਭੈਣ ਕੁਝ ਵੱਡੀ ਹੋਈ। ਘਰ ਦਾ ਕੰਮ ਉਹਨੇ ਸਾਂਭ ਲਿਆ, ਤੇ ਇਸ ਤਰ੍ਹਾਂ ਮਾਂ ਨੂੰ ਬਾਹਰ ਕੰਮ ਕਰਨ ਲਈ ਵਧ ਵਿਹਲ ਮਿਲ ਗਈ।

ਭਾਵੇਂ ਘਰ ਦੇ ਕਿੰਨੇ ਹੀ ਔਖੇ ਰਹੇ, ਉਨ੍ਹਾਂ ਭੋਲੂ ਨੂੰ ਸਕੂਲੇ ਪਾਈ ਹੀ ਰੱਖਿਆ। ਕਿਸੇ ਨਾ ਕਿਸੇ ਤਰ੍ਹਾਂ ਉਹਦੇ ਲਈ ਕਿਤਾਬਾਂ, ਕਾਪੀਆਂ ਉਹ ਮੁੱਲ ਲੈਂਦੇ ਹੀ ਰਹੇ। ਫ਼ੀਸ ਉਹਦੀ ਮੁਆਫ਼ ਸੀ।

ਹੁਣ ਪਰਸੋਂ ਤੋਂ ਬਾਬਾ ਉੱਕਾ ਹੀ ਢਿੱਲਾ ਹੋ ਗਿਆ ਸੀ। ਹਕੀਮ ਦਾਸ ਆਇਆ ਸੀ। ਉਹਨੇ ਮਾਂ ਨੂੰ ਕਿਹਾ ਸੀ, ''ਬਾਬੇ ਨੂੰ ਹੋਰ ਕੁਝ ਨਾ ਦਿਓਂਸਿਰਫ਼ ਗੋਕਾ ਦੁੱਧ ਦੋ ਵੇਲੇ ਦੇ ਦਿਆ ਕਰੋ। ਚਾਰ ਦਿਨਾਂ ਪਿੱਛੋਂ ਦੁੱਧ ਦਿਨ ਵਿਚ ਤਿੰਨ ਵਾਰੀ ਕਰ ਦੇਣਾ। ਹੁਣ ਇਹਨੂੰ ਗੋਕੇ ਦੁੱਧ ਤੋਂ ਬਿਨਾਂ ਹੋਰ ਕੁਝ ਪਚਣ ਨਹੀਂ ਲੱਗਾ।''

ਦੋ ਕੁ ਦਿਨ ਤੇ ਮਾਂ ਗੋਕਾ ਦੁੱਧ ਬਾਬੇ ਲਈ ਮੰਗ ਲਿਆਈ ਸੀ, ਪਰ ਰੋਜ਼ -ਰੋਜ਼ ਥੋੜ੍ਹਾ ਮੰਗਿਆ ਜਾਂਦਾ ਹੈ!

ਭੋਲੂ ਦੀ ਮਾਂ ਤੇ ਭੋਲੂ ਦੀ ਭੈਣ ਨੂੰ ਗੋਕੇ ਦੁੱਧ ਦੀ ਚਿੰਤਾ ਲੱਗੀ ਹੋਈ ਸੀ ..... ਕਦੇ ਆਪਣੀਆਂ ਉਹ ਪੈਲੀਆਂ ਹੁੰਦੀਆਂ ਸਨ, ਜਿਨ੍ਹਾਂ ਵਰਗੀ ਮੋਟੀ ਪੈਲੀ ਨੇੜੇ-ਤੇੜੇ ਘੱਟ ਹੀ ਕਿਧਰੇ ਸੀ, ਇਕ ਜੋਗ ਹੁੰਦੀ ਸੀ, ਤੇ ਇਕ ਮਹਿੰ!

ਹੁਣ ਰੋਜ਼ ਦੋ ਵਾਰ ਗੋਕਾ ਦੁੱਧ, ਤੇ ਚਾਰ ਦਿਨਾਂ ਪਿੱਛੋਂ ਦਿਨ ਵਿਚ ਤਿੰਨ ਵਾਰ ਗੋਕਾ ਦੁੱਧ ਕਿੱਥੋਂ!....

ਅੱਜ ਸਕੂਲੇ ਮਾਸਟਰ ਜੀ ਨੇ ਭੋਲੂ ਦੀ ਜਮਾਤ ਨੂੰ ਪੰਡਤ ਜਵਾਹਰ ਲਾਲ ਬਾਰੇ ਲਿਖਵਾਇਆ ਸੀ, ''ਦੇਸ਼ ਪਿਤਾ ਗਾਂਧੀ ਦੇ ਉਹ ਪੁੱਤਰ ਸਮਾਨ ਹਨ। ਜਵਾਹਰ ਲਾਲ ਜੀ ਭਾਰਤ ਦੇ ਬਾਲਾਂ ਨੂੰ ਬੜਾ ਪਿਆਰ ਕਰਦੇ ਹਨ। ਉਹ ਸਾਰੀ ਦੁਨੀਆ ਦੇ ਬਾਲਾਂ ਨੂੰ ਪਿਆਰ ਕਰਦੇ ਹਨ। ਜਾਪਾਨ ਦੇ ਇਕ ਮੁੰਡੇ ਨੇ ਉਨ੍ਹਾਂ ਨੂੰ ਇਕ ਵਾਰੀ ਚਿੱਠੀ ਲਿਖੀ ਸੀ, ''ਮੈਂ ਕਦੇ ਹਾਥੀ ਨਹੀਂ ਵੇਖਿਆ।''ਤਾਂ ਉਨ੍ਹਾਂ ਉਸਦੇ ਦੇਸ਼ ਵਿਚ ਏਨੀ ਦੂਰ ਹਾਥੀ ਭੇਜ ਦਿੱਤਾ ਸੀ, ਤਾਂ ਜੋ ਉਹ ਮੁੰਡਾ ਤੇ ਓਸ ਦੇਸ਼ ਦੇ ਸਾਰੇ ਬੱਚੇ ਹਾਥੀ ਨਾਲ ਖੇਡ ਸਕਣ।....''

ਜਦੋਂ ਭੋਲੂ ਘਰ ਪੁੱਜਾ ਤਾਂ ਉਹਦੀ ਭੈਣ ਨੇ ਕਿਹਾ, ''ਮਾਂ ਬੀਰੋ ਹੁਰਾਂ ਦੇ ਘਰ ਬਾਬੇ ਲਈ ਗੋਕਾ ਦੁੱਧ ਮੰਗਣ ਕਦੇ ਦੀ ਗਈ ਏ। ਤੂੰ ਬੂਹੇ ਦਾ ਖਿਆਲ ਰੱਖੀ ਮੈਂ ਪਤਾ ਕਰ ਆਵਾਂ।''

ਭੋਲੂ ਅੰਦਰ ਕਮਰੇ ਵਿਚ ਬਸਤਾ ਰੱਖਣ ਗਿਆ। ਕੰਧ ਉਪਰਲੀ ਤਸਵੀਰ ਉੱਤੇ ਉਹਦੀ ਨਜ਼ਰ ਪਈ। ਭੋਲੂ ਹੁਰਾਂ ਦੇ ਘਰ ਇਹ ਹੀ ਇਕ ਤਸਵੀਰ ਸੀਂਬੜੀ ਵੱਡੀ ਸਾਰੀ, ਸ਼ੀਸ਼ੇ ਵਿਚ ਜੜੀ, ਮਹਾਤਮਾ ਗਾਂਧੀ ਦੀ ਤਸਵੀਰ। ਭੋਲੂ ਦੇ ਪਿਤਾ ਨੇ ਬੜੇ ਆਦਰ ਨਾਲ ਇਹ ਤਸਵੀਰ ਇੱਥੇ ਇਕ ਵਾਰ ਲਾਈ ਸੀ। ਓਦੋਂ ਦੀ ਇਹ ਓਸੇ ਤਰ੍ਹਾਂ ਓਥੇ ਟੰਗੀ ਹੋਈ ਸੀ। ਆਜ਼ਾਦੀ ਦਿਨ ਜਾਂ ਹੋਰ ਦਿਨ ਤਿਹਾਰਾਂ ਉੱਤੇ ਭੋਲੂ ਦੀ ਭੈਣ ਏਸ ਤਸਵੀਰ ਦੁਆਲੇ ਫੁੱਲਾਂ ਦਾ ਹਾਰ ਪਾ ਦੇਂਦੀ ਹੁੰਦੀ ਸੀ.... ਦੇਸ਼ ਦੇ ਪਿਤਾ ਦੀ ਤਸਵੀਰ , ਭਾਰਤ ਮਾਂ ਨੂੰ ਅੰਗਰੇਜ਼ ਕਸਾਈਆਂ ਦੇ ਪੰਜੇ ਤੋਂ ਛੁਡਾਣ ਵਾਲੇ ਦੀ ਤਸਵੀਰ!

ਮਾਸਟਰ ਜੀ ਕੋਲੋਂ ਸੁਣੀ ਹਾਥੀ ਭੇਜਣ ਵਾਲੀ ਗੱਲ 'ਤੇ ਇਸ ਤਸਵੀਰ ਨੇ ਭੋਲੂ ਅੰਦਰ ਕੋਈ ਫੁਰਨਾ ਛੇੜ ਦਿੱਤਾ। ਉਹਨੇ ਆਪਣੇ ਬਸਤੇ ਵਿਚੋਂ ਕਾਪੀ ਤੇ ਕਲਮ ਕੱਢੀ, ਦਵਾਤ ਲਿਆਂਦੀ। ਕਾਪੀ ਵਿਚੋਂ ਕਾਗਜ਼ ਪਾੜਿਆ, ਤੇ ਦੇਸ਼-ਪਿਤਾ ਦੀ ਤਸਵੀਰ ਥਲੇ ਜਾ ਬੈਠਾ।

ਕੁਝ ਦੇਰ ਭੋਲੂ ਕਾਗਜ਼ ਕਲਮ ਹੱਥ ਵਿਚ ਫੜੀ ਸੋਚਦਾ ਰਿਹਾ। ਫੇਰ ਉਹਨੇ ਲਿਖਣਾ ਸ਼ੁਰੂ ਕੀਤਾ

ਦੇਸ਼-ਪਿਤਾ ਬਾਪੂ ਗਾਂਧੀ ਜੀ,

ਤੁਸੀਂ ਮੈਨੂੰ ਨਹੀਂ ਜਾਣਦੇ, ਪਰ ਮੇਰੇ ਬਾਪੂ ਜੀ ਨੂੰ ਜਾਣਦੇ ਹੋਵੋਂਗੇ! ਮੇਰੇ ਬਾਪੂ ਜੀ ਵੀ ਤੁਹਾਡੇ ਨਾਲ ਭਾਰਤ ਮਾਂ ਨੂੰ ਆਜ਼ਾਦ ਕਰਵਾਣ ਜੇਲ੍ਹ ਵਿਚ ਕਈ ਵਾਰ ਗਏ ਸਨ। ਅਖੀਰਲੀ ਵਾਰ ਜਦੋਂ ਉਹ ਗਏ, ਤਾਂ ਫੇਰ ਉਹ ਓਥੋਂ ਕਦੇ ਵੀ ਪਰਤ ਕੇ ਘਰ ਨਹੀਂ ਆਏ।

ਮੇਰੇ ਬਾਬਾ ਜੀ ਓਦੋਂ ਦੇ ਹੀ ਬੀਮਾਰ ਨੇ। ਹੁਣ ਤਾਂ ਉਹ ਬੜੇ ਹੀ ਬੀਮਾਰ ਨੇ । ਉਨ੍ਹਾਂ ਨੂੰ ਰੋਜ਼ ਦੋ ਵੇਲੇ ਗੋਕੇ ਦੁੱਧ ਦੀ ਲੋੜ ਏ, ਤੇ ਕੁਝ ਦਿਨਾਂ ਨੂੰ ਰੋਜ਼ ਤਿੰਨ ਵਾਰ।

ਦੇਸ਼-ਪਿਤਾ ਜੀ, ਤੁਸੀਂ ਆਪਣੇ ਪੁੱਤਰ ਜਵਾਹਰ ਲਾਲ ਜੀ ਨੂੰ ਕਹਿ ਦਿਓ, ਉਹ ਸਾਨੂੰ ਇਕ ਗਊ ਭੇਜ ਦੇਣ-ਜਿਸ ਤਰ੍ਹਾਂ ਜਾਪਾਨ ਦੇ ਮੁੰਡੇ ਲਈ ਉਨ੍ਹਾਂ ਹਾਥੀ ਭਿਜਵਾਇਆ ਸੀ।

ਮੈਂ ਵੱਡਾ ਹੋ ਕੇ ਜਦੋਂ ਕਿਸੇ ਕੰਮ ਲੱਗ ਜਾਵਾਂਗਾ, ਤਾਂ ਏਸ ਗਊ ਦਾ ਉਨ੍ਹਾਂ ਨੂੰ ਜ਼ਰੂਰ ਮੋੜ ਦਿਆਂਗਾ। ਫੇਰ ਉਹ ਹੋਰ ਕਿਸੇ ਲੋੜਵੰਦ ਨੂੰ ਇਹ ਰਕਮ ਨਾਲ ਮਦਦ ਕਰ ਦੇਣਗੇ।

ਦੇਸ਼-ਪਿਤਾ ਜੀ, ਬੜੀ ਤਕੀਦ ਜੇ,

ਮੈਂ ਤੁਹਾਡੇ ਅੱਗੇ ਸਿਰ ਨਿਵਾਂਦਾ ਹਾਂ।

ਤੁਹਾਡਾ ਪੁੱਤਰ,

ਭੋਲੂ

ਤੇ ਭੋਲੂ ਚਾਈਂ-ਚਾਈਂ ਇਹ ਚਿੱਠੀ ਦੁਹਰਾਂਦਾ, ਬੂਹੇ ਵਿਚ ਖਲੋ ਕੇ ਆਪਣੀ ਮਾਂ ਤੇ ਭੈਣ ਨੂੰ ਉਡੀਕਣ ਲੱਗ ਪਿਆ।

# ਮੈਨੂੰ ਮਨੁੱਖਾਂ ਵਿਚ ਸ਼ਾਮਲ ਕਰ ਲਓ

ਨੌਜਵਾਨ ਸਭਾ ਦੀ ਕਾਨਫ਼ਰੰਸ ਦੇ ਪ੍ਰਬੰਧਕ ਕੱਲ੍ਹ ਦਾ ਪ੍ਰੋਗਰਾਮ ਦੱਸ ਸਾਨੂੰ ਜੋਧਾ ਮੱਲ ਆੜ੍ਹਤੀ ਦੀ ਦੁਕਾਨ ਉੱਤੇ ਛੱਡ ਗਏ।

ਅਸੀਂ ਚਾਰ ਸਾਂ: ਇਕ ਕਵੀ, ਇਕ ਕਿਸਾਨਾਂ ਦਾ ਪ੍ਰਸਿੱਧ ਆਗੂ, ਇਕ ਜ਼ਿਲ੍ਹਾ ਨੌਜਵਾਨ ਸਭਾ ਦਾ ਸਕੱਤਰ, ਤੇ ਮੈਂ; ਇਕ ਦੂਜੇ ਦੇ ਪੁਰਾਣੇ ਵਾਕਫ਼, ਉਮਰ ਵਿਚ ਵੀ ਹਾਣੀ, ਅੱਜਕੱਲ੍ਹ ਕਾਨਫ਼ਰੰਸਾਂ ਉੱਤੇ ਅਕਸਰ ਮੇਲ ਹੁੰਦਾ ਰਹਿੰਦਾ ਸੀ।

ਬੜੀਆਂ ਭਾਂਤ ਭਾਂਤ ਦੀਆਂ ਥਾਵਾਂ ਉੱਤੇ ਅਸੀਂ ਇਕੱਠੇ ਰਹਿ ਚੁੱਕੇ ਸਾਂ, ਪਰ ਹਾਲੇ ਤੱਕ ਕਦੀ ਆੜ੍ਹਤੀ ਦੀ ਦੁਕਾਨ ਵਿਚ ਨਹੀਂ ਸਾਂ ਰਹੇ। ਬੜਾ ਵੱਡਾ ਕਮਰਾ, ਧੂੜ ਪੋਚੀ ਦਿਓ-ਕੱਦ ਇਕ ਲੋਹੇ ਦੀ ਅਲਮਾਰੀ, ਇਕ ਸੇਫ਼, ਸੱਜੇ ਪਾਸੇ ਗੌਤਕੀਏ, ਖੱਬੇ ਪਾਸੇ ਬੋਰੀਆਂ ਛੱਤ ਘਰੂੰਦੀਆਂ, ਤੇ ਪਿਛਲੇ ਪਾਸੇ ਦੋ ਗੁਦਾਮ ਹਨੇਰੇ ਵਿਚੋਂ ਝਾਕਦੇਇਕ ਵਿਚੋਂ ਮਰਚਾਂ ਦੀ ਫਟਕ, ਤੇ ਦੂਜੇ ਵਿਚੋਂ ਹਰ ਤਰ੍ਹਾਂ ਦੀ ਜਿਨਸ, ਗੁੜ, ਤੇਲ, ਆਦਿ ਦੀ ਰਲਗੱਡ ਦੁਸ਼ਾਂਦੇ ਵਰਗੀ ਹਵਾੜ। ਵਿਚਕਾਰ ਥੱਲੇ ਬੜੇ ਸੁਹਣੇ ਚਾਰ ਬਿਸਤਰੇ ਸਾਡੇ ਲਈ ਵਿਛੇ ਪਏ ਸਨ।

ਜੋਧਾ ਮੱਲ ਆੜ੍ਹਤੀ ਜਦੋਂ ਇਕ ਮਿੰਟ ਲਈ ਬਾਹਰ ਗਿਆ ਤਾਂ ਸਾਡੇ ਕਵੀ ਸਾਥੀ ਨੇ ਕਿਹਾ,

" ਇੱਥੇ ਚੂਹੇ ਬੜੇ ਹੋਣਗੇ!"

"ਕਿਆ ਕਾਵਿ-ਉਡਾਰੀ ਏ!"

ਅਸੀਂ ਸਾਰੇ ਹੱਸ ਰਹੇ ਸਾਂ ਕਿ ਜੋਧਾ ਮੱਲ ਆੜ੍ਹਤੀ ਤੌਲੀਆ ਤੇ ਪਾਣੀ ਦੀ ਗੜਵੀ ਲੈ ਕੇ ਆਪ ਸਾਡੇ ਹੱਥ ਧੁਆਣ ਆ ਗਿਆ, ਤੇ ਫੇਰ ਓਹਦੇ ਨੌਕਰ ਸਾਡੇ ਅੱਗੇ ਪ੍ਰੀਤ ਨਾਲ ਪਰੋਸੇ ਹੋਏ ਥਾਲ ਰੱਖ ਗਏ।

ਰੋਟੀ ਵਿਚ ਬੜੀ ਉਚੇਚ ਸੀ, ਤੇ ਘਰ ਦੀ ਰੋਟੀ ਵਰਗੀ ਮਿਠਾਸ।

"ਖਿਮਾ ਕਰਨਾ, ਇਹ ਦਾਲ ਸਬਜ਼ੀ ਹੀ ਏ। ਸਾਡੇ ਘਰ ਮਾਸ ਨਹੀਂ ਪੱਕਦਾ।"

ਰੋਟੀ ਦੇ ਪਿੱਛੋਂ ਦੁੱਧ ਦੇ ਚਾਰ ਗਲਾਸ ਆਏ। ਲਾਚੀਆਂ ਤੇ ਬਦਾਮ ਪਏ ਹੋਏ ਸਨ। ਖਾ ਪੀ ਕੇ ਜਦੋਂ ਅਸੀਂ ਲੇਟ ਗਏ, ਤਾਂ ਜੋਧਾ ਮੱਲ ਆੜ੍ਹਤੀ ਸਾਡੇ ਮੰਜਿਆਂ ਕੋਲ ਕੁਰਸੀ ਡਾਹ ਕੇ ਕਾਫ਼ੀ ਦੇਰ ਬੈਠਾ ਰਿਹਾ। ਉਹ ਕਿਸਾਨ ਸਭਾ ਦੇ ਆਗੂ ਕੋਲੋਂ ਕਿਸਾਨਾਂ ਦੇ ਮਸਲਿਆਂ ਬਾਰੇ, ਦੇਸੀ ਤੇ ਪ੍ਰਦੇਸੀ ਸਿਆਸਤ ਬਾਰੇ ਬੜੇ ਸਿਆਣੇ ਸਵਾਲ ਪੁੱਛਦਾ ਰਿਹਾ। ਉਸਦੇ ਸਵਾਲਾਂ ਤੋਂ ਲੱਭਦਾ ਸੀ ਉਹਦੀਆਂ ਤੇ ਸੰਸੇ ਲੋਕ ਹਿੱਤਾ ਨਾਲ ਬੱਝੇ ਹਨ। ਫੇਰ ਉਹਨੇ ਸਾਡੇ ਕਵੀ ਸਾਥੀ ਤੇ ਮੇਰੇ ਪੰਜਾਬੀ ਬੋਲੀ ਤੇ ਸਾਹਿਤ ਬਾਰੇ ਕੁਝ ਸਵਾਲ ਪੁੱਛੇ।

ਜਦੋਂ ਜੋਧਾ ਮੱਲ ਆੜ੍ਹਤੀ ਸਾਡੇ ਕੋਲੋਂ ਉੱਠਿਆ ਤਾਂ ਉਹਦਾ ਉੱਠਣ ਨੂੰ ਚਿੱਤ ਨਹੀਂ ਸੀ ਕਰ ਰਿਹਾ, ਪਰ, "ਤੁਸੀਂ ਕੱਲ੍ਹ ਸਾਰੀ ਰਾਤ ਗੱਡੀ ਵਿਚ ਬੇ-ਆਰਾਮ ਰਹੇ ਹੋ- ਤੇ ਅੱਜ ਜਲਸੇ ਦਾ ਥਕੇਵਾਂ। ਹੁਣ ਤੁਸੀਂ ਆਰਾਮ ਕਰੋ।"

ਅਸਾਂ ਬੱਤੀ ਬੁਝਾਈ ਹੀ ਸੀ ਕਿ ਚੂਹਿਆਂ ਦੀ ਜਿਵੇਂ ਲਾਮ ਛਿੜ ਪਈ। ਬੜੇ ਰਿਸ਼ਟ ਪੁਸ਼ਟ ਚੂਹੇ।

ਅਸਾਂ ਫੇਰ ਬੱਤੀ ਜਗਾ ਲਈ। ਚੂਹੇ ਕੁਝ ਮੱਠੇ ਪਏ।

ਕਿਸਾਨ ਸਭਾ ਦੇ ਆਗੂ ਨੇ ਕਿਹਾ, "ਚੂਹੇ ਵੀ ਫ਼ਿਰਕੂ ਲੀਡਰਾਂ ਦੀ ਤਰ੍ਹਾਂ ਰੌਸ਼ਨੀ ਤੋਂ ਤ੍ਰਹਿੰਦੇ ਨੇ।"

ਅਸਾਂ ਚੂਹਿਆਂ ਤੋਂ ਬਚਣ ਲਈ ਬੱਤੀ ਬਾਲ ਕੇ ਹੀ ਸੌਣ ਦਾ ਫ਼ੈਸਲਾ ਲਿਆ।

ਮੇਰੇ ਤਿੰਨੇ ਸਾਥੀ ਛੇਤੀ ਹੀ ਸੌਂ ਗਏ ਪਰ ਮੈਂ ਦੇਰ ਤੱਕ ਪਾਸੇ ਮਾਰਦਾ ਰਿਹਾ। ਬੱਤੀ ਜਗਦੀ ਹੋਵੇ ਤਾਂ ਨੀਂਦਰ ਮੇਰੇ ਕੋਲੋਂ ਬੜੇ ਤਰਲੇ ਕਰਾਂਦੀ ਹੈ।

ਹਾਰ ਕੇ ਮੈਂ ਓਸ ਕਮਰੇ ਵਿਚ ਕੁਝ ਪੜ੍ਹਨ ਲਈ ਲੱਭਣਾ ਚਾਹਿਆ। ਆੜ੍ਹਤੀ ਦਾ ਕਮਰਾ ਸੀ, ਹੋਰ ਕੀ ਲੱਭੇਗਾ, ਬਸ ਕੋਈ ਵਹੀ ਜਾਂ ਰੋਜ਼ਾਨਾ ਅਖਬਾਰ! ਪਰ ਮੈਨੂੰ ਆਪਣੀ ਮੰਜੀ ਦੇ ਨੇੜੇ ਆਲੇ ਵਿਚ ਪਈ ਇਕ ਕਾਪੀ ਲੱਭੀ, ਬੜੀ ਸੁਹਣੀ ਜਿਲਦ। ਪਹਿਲੇ ਸਫ਼ੇ ਉੱਤੇ ਨਾਂ ਲਿਖਿਆ ਸੀ: ਜੋਧਾ ਮੱਲ। ਦੂਜੇ ਉੱਤੇ:

"ਮੈਂ ਕਿਸੇ ਰਾਜੇ ਦਾ ਪੁਤ੍ਰ ਨਹੀਂ, ਕਿਸੇ ਮਿਲਖਾਂ ਜਗੀਰਾਂ ਦੇ ਵਾਲੀ ਦਾ ਪੁਤ੍ਰ ਨਹੀਂ, ਮੈਂ ਮਨੁੱਖ ਦਾ ਪੁਤ੍ਰ ਬਣਨਾ ਚਾਂਹਦਾ ਹਾਂ।"

ਅਗਲੇ ਸਫ਼ੇ ਉੱਤੇ ਲਿਖਿਆ ਸੀ:

"ਮਨੁੱਖ ਦੀ ਸਭ ਤੋਂ ਕੀਮਤੀ ਪੂੰਜੀ ਉਸਦੀ ਜ਼ਿੰਦਗੀ ਹੈ, ਤੇ ਇਹ ਜਿਊਣ ਲਈ ਉਸਨੂੰ ਸਿਰਫ਼ ਇੱਕੋ ਵਾਰ ਮਿਲਦੀ ਹੈ। ਮਨੁੱਖ ਨੂੰ ਆਪਣੀ ਇੰਜ ਜਿਊਣੀ ਚਾਹੀਦੀ ਹੈ ਕਿ ਬਾਅਦ ਵਿਚ ਅਜਾਈਂ ਬਿਤਾਏ ਵਰ੍ਹਿਆਂ ਲਈ ਉਸ ਨੂੰ ਪਛਤਾਣਾ ਨਾ ਪਏ।"

ਮੈਂ ਕਾਪੀ ਦੇ ਕੁਝ ਹੋਰ ਵਰਕੇ ਫੋਲੇ। ਅਗਲੇ ਵਰਕਿਆਂ ਉੱਤੇ ਪੰਜਾਬੀ ਤੇ ਉਰਦੂ ਦੇ ਚੋਣਵੇਂ ਸ਼ਿਅਰ ਸਨ। ਵਾਰਸ ਸੀ, ਗ਼ਾਲਿਬ ਸੀ,ਜਿਗਰ ਸੀ,ਮੋਹਨ ਸਿੰਘ ਸੀ, ਫ਼ੈਜ਼ ਸੀ, ਅੰਮ੍ਰਿਤਾ ਸੀ, ਤੇ ਹੋਰ ਕਈ ਕਵੀ।

ਇਕ ਸਫ਼ੇ ਉੱਤੇ ਬੜਾ ਸਾਦਾ ਤੇ ਪਿਆਰਾ ਸ਼ਿਅਰ ਸੀ:

ਗੋਰੀ ਸੋਵੇ ਸੇਜ ਪਰ ਮੁਖ ਪਰ ਡਾਰੇ ਕੇਸ,<br>
ਚਲ ਖੁਸਰੋ ਘਰ ਆਪਨੇ, ਰੈਨ ਭਈ ਸਭ ਦੇਸ!

"ਰੈਨ ਭਈ ਸਭ ਦੇਸ"- ਤੇ ਮੈਂ ਵੀ ਜੋਧਾ ਮੱਲ ਆੜ੍ਹਤੀ ਦੀ ਸ਼ਿਅਰਾਂ ਵਾਲੀ ਕਾਪੀ ਓਸੇ ਆਲੇ ਵਿਚ ਰੱਖ, ਨੀਂਦ-ਪਰੀ ਨੂੰ ਉਡੀਕਣ ਲੱਗਾ।

ਸਵੇਰੇ ਸਵੇਰੇ ਅਸੀਂ ਹਾਲੇ ਨਹਾਤੇ ਹੀ ਸਾਂ ਕਿ ਜੋਧਾ ਮੱਲ ਚਾਹ ਤੇ ਮਠਿਆਈ ਸਾਡੇ ਲਈ ਲੈ ਆਇਆ। ਆਪ ਵੀ ਉਹ ਸਾਡੇ ਨਾਲ ਚਾਹ ਪੀਣ ਬੈਠ ਗਿਆ।

ਚਾਹ ਪੀਂਦੇ ਜੋਧਾ ਮੱਲ ਨੂੰ ਬਾਹਰ ਕਿਸੇ ਸੱਦਿਆ ਤੇ ਪਿੱਛੋਂ ਕਿਸਾਨ ਆਗੂ ਨੇ ਜ਼ਿਲ੍ਹੇ ਦੀ ਨੌਜਵਾਨ ਸਭਾ ਦੇ ਸਕੱਤ੍ਰ ਨੂੰ ਪੁੱਛਿਆ, "ਇਹ ਸੱਜਣ ਕੌਣ ਇੰਜ ਖਾਤਰ ਕਰ ਰਿਹਾ ਏ ਜਿਵੇਂ ਕਿਤੇ ਇਹਨੇ ਸਾਡਾ ਕੁਝ ਦੇਣਾ ਹੋਏ!"

"ਬੜਾ ਚੰਗਾ ਬੰਦਾ ਏ। ਵੈਸੇ ਜਗੀਰਦਾਰ ਏ ਨੀਲੀ ਬਾਰ 'ਚ ਇਹਨਾਂ ਦੇ ਕਿੰਨੇ ਹੀ ਪਿੰਡ ਸਨ। ਏਥੇ ਆ ਕੇ ਜਿਹੜੀ ਜ਼ਮੀਨ ਇਹਨਾਂ ਨੂੰ ਮਿਲੀ, ਦੋ ਵਰ੍ਹੇ ਹੋਏ ਉਸ 'ਚੋਂ ਸੱਠ ਏਕੜ ਆਪਣੇ ਭਰਾ ਲਈ ਰੱਖ ਕੇ, ਬਾਕੀ ਦੀ ਇਹਨੇ ਆਪਣੇ ਮੁਜ਼ਾਰਿਆਂ ਵਿਚ ਵੰਡ ਦਿੱਤੀ ਏ। ਵੰਡਣ ਤੋਂ ਪਹਿਲਾਂ ਵੀ ਇਹਦਾ ਆਪਣੇ

ਮੁਜ਼ਾਰਿਆਂ ਦੇ ਨਾਲ ਕਦੇ ਕੋਈ ਇੱਟ-ਖੜੱਕਾ ਨਹੀਂ ਸੀ ਹੋਇਆ। ਏਸ ਸਾਡੇ ਇਲਾਕੇ ਦਾ ਤਾਂ ਤੁਹਾਨੂੰ ਪਤਾ ਹੀ ਏ। ਜਗੀਰਦਾਰਾਂ ਨਾਲ ਬੜੇ ਜ਼ੋਰਾਂ ਦੀ ਟੱਕਰ ਰਹਿੰਦੀ ਏ। ਜਦੋਂ ਦੀ ਜੋਧਾ ਮੱਲ ਨੇ ਜ਼ਮੀਨ ਵੰਡੀ ਏ, ਓਦੋਂ ਦੀ ਆੜ੍ਹਤ ਦੀ ਏਥੇ ਪਾ ਲਈ ਸੂ। ਛੋਟਾ ਭਰਾ ਪਿੰਡ ਵਿਚ ਵਾਹੀ ਕਰਾਂਦਾ ਏ, ਤੇ ਇਹ ਏਥੇ ਦੁਕਾਨ ਚਲਾਂਦਾ ਹੈ। ਵਿਹਾਰ ਦਾ ਬੜਾ ਸੁੱਚਾ ਏ- ਤੇ ਕੰਮ ਬੜਾ ਚੰਗਾ ਚੱਲਿਆ ਸੂ। ਕਿਸਾਨ ਇਹਦੀ ਦੁਕਾਨ 'ਤੇ ਬੜੇ ਖੁਸ਼ ਹੋ ਕੇ ਜਿਨਸ ਲਿਆਂਦੇ ਨੇ।"

ਚਾਹ ਮੁਕਾਅ ਕੇ ਅਸੀਂ ਮਸਾਂ ਤਿਆਰ ਹੀ ਹੋਏ ਸਾਂ ਕਿ ਦੋ ਵਾਲੰਟੀਅਰ ਸਾਨੂੰ ਕਾਨਫ਼ਰੰਸ ਹਾਲ ਵੱਲ ਲਿਜਾਣ ਲਈ ਆ ਗਏ।

ਜੋਧਾ ਮੱਲ ਵੀ ਆਪਣੇ ਮੁਨੀਮ ਨੂੰ ਸਾਰੇ ਦਿਨ ਦਾ ਕੰਮ ਸਮਝਾਅ ਸਾਡੇ ਨਾਲ ਤੁਰ ਪਿਆ। ਉਹਦੀ ਤੋਰ ਬੜੀ ਅਜੀਬ ਸੀ। ਓਪਰੀ ਤੋਰ ਕਰਕੇ ਉਹਦੇ ਬੂਟਾਂ ਦੀ ਸ਼ਕਲ ਵੀ ਵਟ ਚੁੱਕੀ ਸੀ।

ਮੈਂ ਉਦੇ ਵੱਲ ਪਹਿਲੀ ਵਾਰ ਬੜੇ ਗਹੁ ਨਾਲ ਵੇਖਿਆ। ਉਹਦੀਆਂ ਸੌੜੀਆਂ ਸੌੜੀਆਂ ਅੱਖਾਂ ਤੇ ਉੱਭਰੀਆਂ ਉੱਭਰੀਆਂ ਗੱਲ੍ਹਾਂ ਮੰਗੋਲ ਨੁਹਾਰ ਦੀਆਂ ਸਨ। ਸਿਰ ਉੱਤੇ ਛੋਟੇ ਛੋਟੇ ਵਾਲ, ਖੜੋਤੇ ਹੋਏ, ਜਿਵੇਂ ਕਿਤੇ ਉਹਨੂੰ ਬੜੀ ਠੰਡ ਲੱਗ ਰਹੀ ਹੋਵੇ।

ਰਾਹ ਵਿਚ ਹਰ ਤਰ੍ਹਾਂ ਦੇ ਬੰਦੇ ਜੋਧਾ ਮੱਲ ਨੂੰ ਨਮਸਤੇ ਕਹਿੰਦੇ ਰਹੇ। ਹਰ ਨਮਸਤੇ ਤੋਂ ਜਾਪਦਾ ਸੀ ਕਿ ਜੋਧਾ ਮੱਲ ਨੂੰ ਲੋਕੀਂ ਬੜਾ ਚੰਗਾ ਬੰਦਾ ਸਮਝਦੇ ਸਨ।

ਕਈਆਂ ਨੂੰ ਉਹ ਸਾਡੇ ਨਾਲ ਵੀ ਮਿਲਾਂਦਾ: "ਇਹ ਏਥੋਂ ਦੇ ਕਾਂਗ੍ਰਸ ਮੰਡਲ ਦੇ ਪ੍ਰਧਾਨ ਨੇ। ਇਹ ਪੁਰਾਣੇ ਦੇਸ਼ ਭਗਤ ਨੇ, ਪਰਮਿਟ-ਮਾਰਕਾ ਕਾਂਗ੍ਰਸੀ ਨਹੀਂ।"

"ਇਹ ਏਥੋਂ ਦੀ ਪਰਜਾ ਸੋਸ਼ਲਿਸਟ ਪਾਰਟੀ ਦੇ ਸਕੱਤ੍ਰ ਨੇ, ਪਰ ਕਮਿਊਨਿਸਟਾਂ ਨੂੰ ਹਊਆ ਨਹੀਂ ਸਮਝਦੇ।"

"ਇਹ ਬੜੇ ਸਾਹਿਬੇ-ਜ਼ੌਕ ਹਨ।"

ਅਸੀਂ ਕਾਨਫ਼ਰੰਸ-ਹਾਲ ਵਿਚ ਪੁੱਜ ਗਏ। ਕਾਨਫ਼੍ਰੰਸ ਸ਼ੁਰੂ ਹੋਣ ਵਿਚ ਤਿੰਨ ਘੰਟੇ ਹਾਲੀ ਸਨ ਤੇ ਬੜਾ ਸੁਹਣਾ ਗ਼ੈਰ-ਰਸਮੀਆ ਪ੍ਰੋਗ੍ਰਾਮ ਚੱਲ ਰਿਹਾ ਸੀ। ਨੌਜਵਾਨ ਸਭਾ ਦੇ ਅਹੁਦੇਦਾਰ ਤੇ ਸਰਗਰਮ ਕਾਰਕੁਨ, ਸਭਿਆਚਾਰਕ ਪ੍ਰੋਗ੍ਰਾਮਾਂ ਵਿਚ ਹਿੱਸਾ ਲੈਣ ਵਾਲੇ ਕਲਾਕਾਰ ਤੇ ਖੇਡਾਂ ਦੇ ਮੁਕਾਬਲਿਆਂ ਲਈ ਆਈਆਂ ਟੀਮਾਂ, ਸ਼ਹਿਰ ਦੇ ਪਤਵੰਤੇ ਤੇ ਵੱਡੀ ਉਮਰ ਦੇ ਕੁਝ ਲੋਕ ਜਿਹੜੇ ਨੌਜਵਾਨ ਸਭਾ ਦੇ ਹਮਦਰਦ ਸਨ- ਸਾਰੇ ਦਰੀਆਂ ਉੱਤੇ ਇਕ ਪਿੜ ਵਿਚ ਬੈਠੇ ਸਨ। ਇਕ ਪਾਸੇ ਵਾਜਾ ਸੀ, ਇਕ ਢੋਲਕ ਸੀ, ਵਾਇਲਿਨ ਤੇ ਇਕ ਜੋੜੀ। ਕਿਸੇ ਦੇ ਪੈਰੀਂ ਘੁੰਗਰੂ ਸਨ, ਕਈਆਂ ਬਹੁ-ਰੰਗੀਆਂ ਪਰਾਚੀਨ ਪੁਸ਼ਾਕਾਂ ਪਾਈਆਂ ਹੋਈਆਂ ਸਨ।

ਇਕ ਪਾਸੇ ਕੁਝ ਪਹਿਲਵਾਨ ਬੈਠੇ ਹੋਏ ਸਨ,ਜਿਨ੍ਹਾਂ ਦੇ ਕਮਾਏ ਸਰੀਰਾਂ ਦੀ ਛੱਬ ਚਾਦਰ ਕੁੜਤੇ ਵਿਚੋਂ ਵੀ ਅਨੋਖੀ ਜਾਪ ਰਹੀ ਸੀ। ਉਨ੍ਹਾਂ ਦੇ ਨੇੜੇ ਹੀ ਬੁਨੈਣਾਂ ਤੇ ਫਾਂਟਾਂ ਵਾਲੀਆਂ ਨਿੱਕਰਾਂ ਪਾਈ ਵਾਲੀਬਾਲ ਦੇ ਖਿਡਾਰੀ ਬੈਠੇ ਸਨ।

ਬੜੀ ਜਾਨਦਾਰ, ਸੁਰੀਲੀ ਵਾਜ ਵਿਚ ਇਕ ਚੌੜੀ ਹਿੱਕ ਵਾਲਾ ਗੱਭਰੂ ਗੌਂ ਰਿਹਾ ਸੀ:

ਭਾਈਆਂ ਜੇਡ ਨਾ ਮਜਲਸਾਂ ਸੋਂਹਦੀਆਂ ਨੇ ,

ਅਤੇ ਭਾਈਆਂ ਜੇਡ ਬਹਾਰ ਨਾਹੀਂ।

ਫੇਰ ਨੀਲੀਬਾਰ ਤੋਂ ਆ ਕੇ ਏਸ ਜ਼ਿਲ੍ਹੇ ਵਿਚ ਵਸੇ ਸ਼ਰਨਾਰਥੀ ਦੇ ਇਕ ਟੋਲੇ ਨੇ ਝੂੰਮਰ ਨਾਚ ਨੱਚਿਆ।

ਤੇ ਇਸ ਝੂੰਮਰ ਨੇ ਸਾਨੂੰ ਉਸ ਕਾਨਫ਼੍ਰੰਸ-ਹਾਲ ਵਿਚੋਂ ਚੁੱਕ ਲਿਆ। ਨਾਚ ਮਘਦਾ ਗਿਆ, ਢੋਲੀ ਵਜਦ ਵਿਚ ਆਉਂਦਾ ਗਿਆ...ਇਸ਼ਕ ਦਾ ਤ੍ਰਿਖੜਾ ਤਾਲ ਵਲੇ ...ਤੇ ਜਿਵੇਂ ਉਹ ਛੱਤ ਉੱਤੇ ਨਹੀਂ ਸੀ ਰਹੀ, ਉਹ ਕੰਧਾਂ ਦੁਆਲੇ ਨਹੀਂ ਸੀ ਰਹੀਆਂ; ਨਿੰਮਲ ਅਸਮਾਨ ਸੀ, ਤਾਰੇ ਸਨ, ਨੀਲੀਬਾਰ ਦੀ ਧਰਤੀ ਉੱਤੇ ਚੰਨ-ਚਾਨਣੀ ਰਾਤ ਸੀ, ਨੀਲੀਬਾਰ ਦੇ ਪੁੱਤਰ ਨੱਚ ਰਹੇ ਸਨ, ਓਸ ਧਰਤੀ ਦੇ ਸਗਲੇ ਰੰਗ, ਉਹਦੇ ਸਗਲੇ ਸੁਹਜ, ਉਹਦੀ ਸਮੁੱਚੀ ਕਵਿਤਾ, ਉਹਦੀਆਂ ਸਾਰੀਆਂ ਖੁਸ਼ੀਆਂ, ਉਹਦੀਆਂ ਸਾਰੀਆਂ ਪੀੜਾਂ, ਉਹਦੇ ਸਾਰੇ ਘੋਲ ਤੇ ਉਹਦੀਆਂ ਸਭ ਸੱਧਰਾਂ ਉਹਦੇ ਪੁਤ੍ਰਾਂ ਦੇ ਅੰਗਾਂ ਵਿਚ ਨਾਚ ਬਣ ਕੇ ਮਚਲ ਪਈਆਂ ਸਨ...ਸ਼ੀਹ

ਸ਼ੀਹ, ਸ਼ੀਹ ਓ ਸ਼ੀਹ...ਸਾਰੀ ਬਨਸਪਤੀ ਜਿਵੇਂ ਧਰਮ-ਪੁੱਤਰਾਂ ਦੇ ਨਾਲ ਸਰਸਰਾਅ ਰਹੀ ਸੀ...ਤੇ ਅਸੀਂ ਵੇਖਣ ਵਾਲੇ ਨਿਰੇ ਵੇਖਣ ਵਾਲੇ ਨਹੀਂ ਸਾਂ ਰਹੇ; ਸਾਡੇ ਨਾਚ-ਵਿਹੂਣੇ ਜਾਮ ਜਾਮ ਅੰਗ ਏਸ ਝੁੰਮਰ ਦੇ ਨਿੱਘ ਵਿਚ ਖੁੱਲ੍ਹਦੇ ਜਾ ਰਹੇ ਸਨ, ਕੋਈ ਚਿਰ ਪੁਰਾਣਾ ਕੱਕਰ ਪੰਘਰ ਰਿਹਾ ਸੀ, ਤੇ ਹੁਣ ਜਾਪਦਾ ਸੀ ਏਥੇ ਬੈਠੇ ਸਭਨਾਂ ਦੇ ਅੰਗਾਂ ਵਿਚ ਲਹੂ ਹੀ ਨਹੀਂ, ਕੋਈ ਨਾਚ ਵੀ ਗੇੜੇ ਲਾ ਰਿਹਾ ਸੀ।

ਨਾਚ ਮੁੱਕ ਗਿਆ। ਅਚਾਨਕ ਜੋਧਾ ਮੱਲ ਉੱਤੇ ਮੇਰੀ ਨਜ਼ਰ ਜਾ ਪਈ। ਉਹ ਵੀ ਨੀਲੀਬਾਰ ਦਾ ਹੀ ਜੰਮ-ਪਲ ਸੀ। ਉਹਦੀਆਂ ਸੌੜੀਆਂ ਤੇ ਮੰਗੋਲ ਨੁਹਾਰ ਦੀਆਂ ਅੱਖਾਂ ਬਹੁਤ ਡੂੰਘੀਆਂ ਹੋ ਗਈਆਂ ਜਾਪਦੀਆਂ ਸਨ। ਉਹਦੇ ਸਿਰ ਉਤਲੇ ਛੋਟੇ ਛੋਟੇ ਵਾਲ, ਪਹਿਲਾਂ ਤੋਂ ਵੱਧ ਖੜੋਤੇ। ਸਖ਼ਤ ਬੇ-ਚੈਨੀ ਵਿਚ ਉਹ ਆਪਣੀਆਂ ਉੱਭਰੀਆਂ ਗੱਲ੍ਹਾਂ ਉੱਤੇ ਹੱਥ ਫੇਰ ਰਿਹਾ ਸੀ।

ਫੇਰ ਨੌਜਵਾਨ ਸਭਾ ਦੇ ਸਥਾਨਕ ਸਕੱਤ੍ਰ ਨੇ ਖੜੋ ਕੇ ਉਥੇ ਬੈਠਿਆਂ ਦੀ ਜਾਣ ਪਛਾਣ ਕਰਾਣੀ ਸੁਰੂ ਕੀਤੀ। ਹਰ ਇਕ ਬਾਰੇ ਉਹ ਬੜਾ ਸੰਖੇਪ ਪਰ ਬੜਾ ਚੇਤੇ ਰਹਿ ਜਾਣ ਵਾਲਾ ਕੁਝ ਕਹਿੰਦਾ ਸੀ। ਜਿਹੜਾ ਝੁੰਮਰ ਵਿਚ ਸਭ ਤੋਂ ਅੱਗੇ ਨੱਚਦਾ ਸੀ, 'ਇਹ ਬਾਘ ਮੱਲ ਏ, ਕਿਸਾਨ ਸਭਾ ਦਾ ਬੜਾ ਸਰਗਰਮ ਕਾਰਕੁਨ। ਇਹਦਾ ਪਿਤਾ ਨੀਲੀਬਾਰ ਵਿਚ ਮੁਜ਼ਾਰਿਆਂ ਦੀ ਜੱਦੋਜਹਿਦ ਵਿਚ ਸ਼ਹੀਦ ਹੋਇਆ ਸੀ।"

ਜਦੋਂ ਜੋਧਾ ਮੱਲ ਆੜ੍ਹਤੀ ਬਾਰੇ ਕੁਝ ਕਹਿਣ ਦੀ ਵਾਰੀ ਆਈ, ਸਕੱਤ੍ਰ ਨੇ ਹਾਲੀ ਕਿਹਾ ਈ ਸੀ,"ਜੋਧਾ ਮੱਲ ਜੀ, ਉਹ ਅਨੋਖੇ ਜਗੀਰਦਾਰ ਨੇ ਜਿਨ੍ਹਾਂ ਆਪਣੇ ਮੁਜ਼ਾਰਿਆਂ ਨੂੰ ਜ਼ਮੀਨ ਵੰਡ ਦਿੱਤੀ ..." ਕਿ ਜੋਧਾ ਮੱਲ ਨੇ ਟੋਕ ਦਿੱਤਾ, "ਬੱਸ ..ਬੰਦ ਕਰੋ...|" ਜੋਧਾ ਮੱਲ ਦੀ 'ਵਾਜ ਚੀਕ ਵੀ ਨਹੀਂ ਸੀ, ਪਰ ਚੀਕ ਵੀ ਸੀ!

ਏਸ ਪਲ ਜੋਧਾ ਮੱਲ ਦਾ ਮੂੰਹ ਕੁਝ ਏਸ ਤਰ੍ਹਾਂ ਦਾ ਹੋ ਗਿਆ ਸੀ ਕਿ ਸਕੱਤ੍ਰ ਚੁੱਪ ਕਰ ਕੇ ਬਹਿ ਗਿਆ। ਹਾਲ ਵਿਚ ਇਕਦਮ ਸੰਨਾਟਾ ਛਾ ਗਿਆ। ਜੋਧਾ ਮੱਲ ਖੜੋਤਾ ਰਿਹਾ, ਤੇ ਡੌਰ ਭੌਰ ਹੋਇਆ ਉਹ ਬਾਘਾ ਮੱਲ ਵੱਲ ਤੱਕਦਾ

ਰਿਹਾ।ਜੋਧਾ ਮੱਲ ਦੀਆਂ ਸੌੜੀਆਂ ਅੱਖਾਂ ਡੂੰਘੀਆਂ ਹੋ ਗਈਆਂ ਸਨ, ਡੂੰਘੀਆਂ ਤੇ ਪ੍ਰੇਤ-ਮੱਲੀਆਂ।

ਫੇਰ ਜੋਧਾ ਮੱਲ ਦੀ 'ਵਾਜ ਆਈ, "ਮੈਂ ਤੁਹਾਡੇ ਵਿਚ ਬਹਿਣ ਦੇ ਕਾਬਲ ਨਹੀਂ।" ਉਹ ਬਾਘਾ ਮੱਲ ਵੱਲ ਵੇਖੀ ਜਾ ਰਿਹਾ ਸੀ, ਤੇ ਉਹਨੇ ਫੇਰ ਕਿਹਾ, "ਮੈਨੂੰ ਤੁਸੀਂ ਕਿਓਂ ਆਪਣੇ ਵਿਚ ਥਾਂ ਦਿੱਤੀ ਏ!" ਕਦੇ ਉਹਦੀ 'ਵਾਜ ਬਹੁਤ ਦੂਰੋਂ ਆ ਰਹੀ ਜਾਪਦੀ ਸੀ, ਤੇ ਕਦੇ ਏਥੋਂ ਹੀ ਨੇੜਿਓਂ, "ਕੀ ਮੇਰਾ ਗੁਨਾਹ ਮੁਆਫ਼ ਕੀਤਾ ਜਾ ਸਕਦਾ ਏ?" ਕਦੇ ਜਾਪਦਾ ਸੀ ਕਿ ਉਹ ਸਿਰਫ਼ ਬਾਘਾ ਮੱਲ ਨਾਲ ਹੀ ਗੱਲ ਕਰ ਰਿਹਾ ਸੀ, ਤੇ ਕਦੇ ਸਾਰਿਆਂ ਨਾਲ਼..ਤੇ ਕਦੇ ਹੋਰ ਕਿਸੇ ਨਾਲ ਨਹੀਂ, ਆਪਣੇ ਆਪ ਨਾਲ ਹੀ।

"ਮੈਂ ਕਹਿ ਰਿਹਾ ਸਾਂ ਮੈਂ ਤੁਹਾਡੇ ਵਿਚ ਬਹਿਣ ਦੇ ਕਾਬਲ ਨਹੀਂ। ਸਵੇਰੇ ਜਦੋਂ ਮੈਂ ਆਪਣੇ ਮੁਅੱਜ਼ਿਜ਼ ਮਹਿਮਾਨਾਂ ਨੂੰ ਚਾਹ ਪਿਆ ਰਿਹਾ ਸਾਂ, ਤਾਂ ਇਹਨਾਂ ਵਿਚੋਂ ਇਕ ਦੀ ਗੱਲ ਮੇਰੇ ਕੰਨੀਂ ਪਈ। ਉਹ ਆਪਣੇ ਸਾਥੀ ਕੋਲੋਂ ਮੇਰੇ ਬਾਰੇ ਪੁੱਛ ਰਹੇ ਸਨ: ਮੈਂ ਕੌਣ ਸਾਂ? ਮੈਂ ਕਿਉਂ ਉਹਨਾਂ ਦੀ ਇੰਜ ਖਾਤਿਰ ਕਰ ਰਿਹਾ ਸਾਂ ਜਿਵੇਂ ਮੈਂ ਉਹਨਾਂ ਦਾ ਕੁਝ ਦੇਣਾ ਹੋਵੇ? ਖ਼ੈਰ ਇਹ ਤਾਂ ਉਹਨਾਂ ਦੀ ਜ਼ੱਰਾ-ਨਿਵਾਜ਼ੀ ਸੀ, ਪਰ ਦੋਸਤੋ ਇਹ ਸੱਚ ਏ ਕਿ ਮੈਂ ਤੁਹਾਡਾ ਸਭਨਾਂ ਦਾ ਕੁਝ ਦੇਣਾ ਏਂ। ਏਸ ਜਨਮ ਕੀ ਭਾਵੇਂ ਅਗਲੇ ਜਨਮ ਵੀ ਮੈਂ ਸੋਨੇ ਦਾ ਬਣ ਜਾਵਾਂ, ਇਹ ਦੇਣਾ ਕਦੇ ਪੂਰਾ ਨਹੀਂ ਹੋਣ ਲੱਗਾ।

"ਇਹ ਤਾਂ ਤੁਸੀਂ ਜਾਣਦੇ ਹੀ ਓ, ਮੈਂ ਜਗੀਰਦਾਰ ਪਿਓ ਦਾ ਪੁਤ੍ਰ ਹਾਂ। ਮੈਂ ਨੀਲੀਬਾਰ ਤੋਂ ਆਇਆ ਹਾਂ। ਜਿਸ ਸਰਜ਼ਮੀਨ ਉਤੇ ਅਜਿਹੇ ਨਾਚ ਪੈਦਾ ਹੋਏ, ਓਥੇ ਮੈਂ ਵੀ ਜੰਮਿਆ ਸਾਂ। 1946 ਦੇ ਅਖ਼ੀਰ ਦੀ ਗੱਲ ਏ, ਪਾਕਿਸਤਾਨ ਬਣਨ ਤੋਂ ਕੁਝ ਪਹਿਲਾਂ ਦੀ। ਸਾਡੀ ਬਾਰ ਦੇ ਪੁੱਤਰ ਜਾਗ ਪਏ ਸਨ। ਸਾਡੇ ਮੁਜ਼ਾਰਿਆਂ ਨੇ ਛੰਡ ਕੇ ਧੌਣਾਂ ਉੱਚੀਆਂ ਕਰ ਲਈਆਂ ਸਨ। ਪੈਲੀਆਂ ਵਿਚੋਂ, ਘਰਾਂ ਵਿਚੋਂ, ਪਰ੍ਹਿਆਂ ਤੇ ਜਲਸਿਆਂ ਵਿਚੋਂ ਇਕ ਆਵਾਜ਼ ਉੱਠੀ ਸੀ: 'ਬੀ ਬਿਆਨਾ ਅੱਧੋ ਅੱਧ, ਬੰਨੇ ਅੱਧੋ ਅੱਧ'।

"ਨਰਮੇ ਦੀ ਫ਼ਸਲ ਆ ਰਹੀ ਸੀ। ਉਹ ਚਿੱਟੀਆਂ ਚਿੱਟੀਆਂ ਫੁੱਟੀਆਂ- ਜਿਨ੍ਹਾਂ ਨੂੰ ਉਰਦੂ ਦੇ ਇਕ ਸ਼ਾਇਰ ਨੇ 'ਚਾਂਦ ਕੀ ਬੇਟੀ' ਕਿਹਾ ਏ- ਇਹ ਚੰਨ ਦੀ ਬੇਟੀ ਏ, ਜਾਂ ਕਿਸਾਨਾਂ ਦੀ, ਮੈਨੂੰ ਪਤਾ ਏ ਇਹ ਜਗੀਰਦਾਰਾਂ ਦੀ ਕੁਝ ਨਹੀਂ ਲਗਦੀ। ਪਰ ਉਹਨੀਂ ਦਿਨੀਂ ਮੈਂ ਇਹ ਹੀ ਸਮਝਦਾ ਸਾਂ ਕਿ ਇਹ ਭਾਵੇਂ ਜਿਦ੍ਹੀ ਵੀ ਬੇਟੀ ਏ, ਜਗੀਰਦਾਰ ਹੋਣ ਕਰਕੇ ਸਾਡਾ ਹੀ ਏਸ ਉੱਤੇ ਪਹਿਲਾ ਹੱਕ ਸੀ। ਸਦੀਆਂ ਤੋਂ ਏਸੇ ਤਰ੍ਹਾਂ ਚਲਿਆ ਆਇਆ ਸੀ।

"ਮੈਂ ਦੱਸ ਰਿਹਾ ਸਾਂ ਚਵ੍ਹੀਂ ਪਾਸੀਂ ਇਹੀ ਸ਼ੋਰ ਸੀ: 'ਬੀ ਬਿਆਨਾ ਅੱਧੋ ਅੱਧ, ਬੰਨੇ ਉੱਤੇ ਅੱਧੋ ਅੱਧ।'

"ਅਸੀਂ ਦੋ ਤਿਹਾਈ ਬਟਾਈ ਲੈਂਦੇ ਹੁੰਦੇ ਸਾਂ, ਤੇ ਬੀ ਬਿਆਨੇ ਦਾ ਕੁਝ ਨਹੀਂ ਸਾਂ ਦੇਂਦੇ। ਬਟਾਈ ਦੀ ਜਿਨਸ ਮੁਜ਼ਾਰੇ ਆਪ ਢੋ ਕੇ ਸਾਡੇ ਗੁਦਾਮਾਂ ਵਿਚ ਜਾਂਦੇ ਹੁੰਦੇ ਸਨ। ਤੇ ਹੁਣ ਉਹ ਵੰਗਾਰ ਰਹੇ ਸਨ: 'ਬੀ ਬਿਆਨਾ ਅੱਧੋ ਅੱਧ, ਬੰਨੇ ਉੱਤੇ ਅੱਧੋ ਅੱਧ।'

"ਸਾਡੇ ਮੁਜ਼ਾਰਿਆਂ ਸਾਨੂੰ ਬੁਲਾਇਆ। ਅਸੀਂ ਕੋਈ ਨਾ ਗਏ। ਸੂਰਜ ਮਗ਼ਰਬ ਤੋਂ ਚੜ੍ਹ ਸਕਦਾ ਸੀ, ਪਰ ਅਸੀਂ ਮਾਲਿਕ ਹੋ ਕੇ ਕੰਮੀਂ ਕਮੀਣਾਂ ਦੇ ਸੱਦੇ 'ਤੇ ਜਾਈਏ? ਉਨ੍ਹਾਂ ਆਪੇ ਅੱਧੋ ਅੱਧ ਬਟਾਈ ਕਰ ਕੇ ਸਾਡਾ ਹਿੱਸਾ ਪੈਲੀਆਂ ਰੱਖ ਦਿੱਤਾ ਤੇ ਆਪਣਾ ਘਰ ਲੈ ਗਏ। ਡੇਢ ਦੋ ਮਹੀਨੇ ਏਸੇ ਤਣਾ-ਤਣੀ ਵਿਚ ਲੰਘ ਗਏ। ਸਾਡੇ ਪਿੰਡ ਦੇ ਨੇੜੇ ਨਹਿਰ ਦੀ ਕੋਠੀ ਸੀ। ਓਥੇ ਡੀ.ਸੀ. ਦਾ ਦੌਰਾ ਸੀ। 3 ਜਨਵਰੀ 1947 ਦਾ ਵਾਕਿਆ ਏ। ਇਲਾਕੇ ਦੇ ਮੁਜ਼ਾਰੇ ਲਾਲ ਝੰਡੇ ਲੈ ਕੇ ਆਪਣੀਆਂ ਮੰਗਾਂ ਵੱਡੇ ਹਾਕਮ ਸਾਹਮਣੇ ਰੱਖਣ ਗਏ।'

"ਪੁਲਸ ਅਫ਼ਸਰ ਓਦੋਂ ਆਮ ਤੌਰ 'ਤੇ ਜਗੀਰਦਾਰਾਂ ਦੇ ਭਰਾ ਭਤੀਜੇ ਹੀ ਹੁੰਦੇ ਸਨ। ਪੁਰ-ਅਮਨ ਧਰਨਾ ਮਾਰੀ ਬੈਠੇ ਮੁਜ਼ਾਰਿਆਂ ਉੱਤੇ ਡੀ.ਐਸ.ਪੀ. ਨੇ ਗੋਲੀ ਚਲਾਅ ਦਿੱਤੀ। ਠੰਡੀ ਯਖ਼ ਸ਼ਾਮ ਨੂੰ ਨਹਿਰ ਦੀ ਕੋਠੀ ਸਾਹਮਣੇ ਤਿੰਨ ਮੁਜ਼ਾਰੇ ਗੋਲੀ ਨਾਲ ਸ਼ਹਦਿ ਹੋਏ। ਤਿੰਨੇ ਵੱਡੀ ਉਮਰ ਦੇ ਸਨ।

"ਡੀ.ਐੱਸ਼.ਪੀ ਮੇਰੇ ਵਾਲਦ ਸਾਹਿਬ ਦਾ ਹਮਪਿਆਲਾ ਸੀ। ਉਹਨੇ ਵਾਲਦ ਸਾਹਿਬ ਨੂੰ ਸੁਨੇਹਾ ਭਿਜਵਾਅ ਕੇ ਮੈਨੂੰ ਬੁਲਾਅ ਲਿਆ। ਮੈਂ ਜਦੋਂ ਪੁੱਜਾ

ਤਿੰਨ ਲਾਸ਼ਾਂ ਨਹਿਰ ਕੰਢੇ ਪਈਆਂ ਸਨ ਤੇ ਬੜੇ ਸਾਰੇ ਪੁਲਸੀਏ ਇੱਟਾਂ ਚੁੱਕ ਕੇ ਨੇੜੇ ਤੇੜੇ ਖਿਲਾਰ ਰਹੇ ਸਨ। "ਡੀ.ਐੱਸ ਪੀ ਨੇ ਮੈਨੂੰ ਕਿਹਾ, 'ਹੁਣ ਮੌਕਾ ਏ ਬਰਖੁਰਦਾਰ, ਬਦਲਾ ਲੈਣ ਦਾ। 182 ਬਣਾਅ ਦਿਆਂਗੇ। ਇਹ ਜਿਹੜੀਆਂ ਇੱਟਾਂ ਮੇਰੇ ਸਿਪਾਹੀ ਲਿਜਾਅ ਕੇ ਸੁੱਟ ਰਹੇ ਨੇ, ਯਾਦ ਰਹੇ ਇਹ ਇਨ੍ਹਾਂ ਬਲਵਈਆਂ ਨੇ ਪੁਲਸ ਉੱਤੇ ਅੱਜ ਦੁਪਹਿਰੇ ਵਰ੍ਹਾਈਆਂ ਸਨ, ਤੇ ਤੂੰ ਆਪਣੀਆਂ ਅੱਖਾਂ ਨਾਲ ਇਹ ਵੇਖਿਆ ਸੀ, ਤੇ ਫੇਰ ਆਪਣੀ ਜਾਨ ਬਚਾਉਣ ਲਈ ਪੁਲਸ ਨੂੰ ਮਜਬੂਰ ਹੋ ਕੇ ਗੋਲੀ ਚਲਾਉਣੀ ਪਏ ਸੀ। ਸਮਝੇ, ਬਰਖੁਰਦਾਰ, ਸਮਝੇ।' ਡੀ.ਐੱਸ.ਪੀ. ਨੇ ਮੇਰੀ ਪਿੱਠ ਉੱਤੇ ਥਾਪੀ ਦੇ ਕੇ ਮੈਨੂੰ ਜੱਫੀ ਵਿਚ ਲੈ ਲਿਆ ਸੀ। "ਕਚਹਿਰੀ ਵਿਚ ਮੇਰੀ ਗਵਾਹੀ ਨਾਲ ਤਿੰਨਾਂ ਸ਼ਹੀਦਾਂ ਦੇ ਕਾਤਲ ਬਰੀ ਹੋ ਗਏ ਤੇ ਮੁਜ਼ਾਰਾ ਆਗੂਆਂ ਨੂੰ ਸਜ਼ਾ ਮਿਲੀ। ਦੁੱਧ ਦਾ ਪਾਣੀ ਤੇ ਪਾਣੀ ਦਾ ਦੁੱਧ।

"ਸ਼ਹੀਦਾਂ ਵਿਚੋਂ ਇਕ...ਤੇ ਜੋਧਾ ਮੱਲ ਬਾਘਾ ਮੱਲ ਵੱਲ ਵਧਿਆ, "ਮੈਂ ਤੇਰੇ ਪਿਓ ਦਾ ਕਾਤਲ । ਮੈਂ ਤੁਹਾਡੇ ਵਿਚ ਬਹਿਣ ਦੇ ਕਾਬਲ ਨਹੀਂ ਮੈਨੂੰ ਤੁਸੀਂ ਕਿਓਂ ਆਪਣੇ ਵਿਚ ਥਾਂ ਦਿੱਤੀ ਹੈ!

" ਇਹ ਸੱਚ ਹੈ ਕਿ ਮੈਂ ਤੁਹਾਡਾ ਸਭਨਾ ਦਾ ਕੁਝ ਦੇਣਾ ਏ- ਪਰ ਬਾਘਾ ਮੱਲ, ਤੇਰਾ ਦੇਣਾ ਮੈਂ ਕਿਵੇਂ ਪੂਰਾ ਕਰ ਸਕਾਂਗਾ! ਤੈਨੂੰ ਮੈਂ ਆਪਣਾ ਇਹ ਮੂੰਹ..."

ਬਾਘਾ ਮੱਲ ਨੇ ਜੋਧਾ ਮੱਲ ਨੂੰ ਜੱਫੀ ਵਿਚ ਲੈ ਲਿਆ। ਦੋਵ੍ਹਾਂ ਦੇ ਅੱਥਰੂ ਵਹਿ ਤੁਰੇ। ਬਾਘਾ ਮੱਲ ਦੀ ਜੱਫੀ ਵਿਚੋਂ ਟੁੱਟ ਕੇ ਜਦੋਂ ਜੋਧਾ ਮੱਲ ਵਾਪਸ ਥਾਂ ਵੱਲ ਪਰਤਿਆ, ਤਾ ਉਹਦੇ ਵਾਲ ਪਹਿਲਾਂ ਵਾਂਗ ਨਹੀਂ ਸਨ ਖੜੋਤੇ ਹੋਏ ਜਾਪਦੇ, ਤੇ ਅੱਥਰੂਆਂ ਦੇ ਵਹਿਣ ਨਾਲ ਸੌੜੀਆਂ ਅੱਖਾਂ ਕੁਝ ਵੱਡੀਆਂ ਹੋ ਗਈਆਂ ਜਾਪਦੀਆਂ ਸਨ। ਉਹਦੀਆਂ ਅੱਖਾਂ ਤੱਕ ਕੇ ਅਚੇਤ ਹੀ ਮੈਨੂੰ ਉਹਦੀ ਕਾਪੀ ਦਾ ਚੇਤਾ ਆ ਗਿਆ, ਜਿਸ ਵਿਚ ਉਹਨੇ ਏਨਾ ਸੁਹੱਪਣ ਜੋੜ ਰੱਖਿਆ ਸੀ। ਜੋਧਾ ਮੱਲ ਦੀ 'ਵਾਜ ਵਿਚ ਹੁਣ ਸ਼ਾਂਤੀ ਸੀ, "ਮੈਂ ਕਿਸੇ ਰਾਜੇ ਦਾ ਨਹੀਂ , ਕਿਸੇ ਮਿਲਖਾਂ ਤੇ ਜਗੀਰਾਂ ਦੇ ਵਾਲੀ ਦਾ ਨਹੀਂ, ਮੈਂ ਮਨੁੱਖ ਦਾ ਪੁੱਤਰ ਬਣਨਾ ਚਾਂਹਦਾ ਹਾਂ।

"ਸਾਥੀਓ, ਮੈਨੂੰ ਮਨੁੱਖਾਂ ਵਿਚ ਸ਼ਾਮਲ ਕਰ ਲਓ।"

# ਮੇਰਾ ਹਬੀਬ

"ਤੈਨੂੰ ਪਤਾ ਈ ਏ ਨਾ- ਪਾਕਿਸਤਾਨ ਦਾ ਆਜ਼ਾਦੀ-ਦਿਨ ਸਾਡੇ ਆਜ਼ਾਦੀ-ਦਿਨ ਤੋਂ ਇਕ ਦਿਨ ਪਹਿਲਾਂ ਹੁੰਦਾ ਏ...."

"ਪਤਾ ਨਹੀਂ ਉਹ ਪਾਕਿਸਤਾਨ ਦਾ ਦੂਜਾ ਆਜ਼ਾਦੀ-ਦਿਨ ਸੀ ਜਾਂ ਤੀਜਾ ਹੋਣਾ ਏਂ। ਓਦੋਂ ਮੈਂ ਲੰਡਨ ਸਾਂ ਤੇ ਹਬੀਬ ਨਾਲ ਪਾਕਿਸਤਾਨ ਦੇ ਆਜ਼ਾਦੀ-ਦਿਨ ਦੇ ਜਲਸੇ ਵਿਚ ਸ਼ਾਮਿਲ ਹੋਈ ਸਾਂ।

"ਤੇ ਜਿਵੇਂ ਬਹੁਤ ਵਾਰੀ ਹੁੰਦਾ ਸੀ, ਹਬੀਬ ਨੇ ਗੌਣਾ- ਰਾਬਿੰਦਰ ਸੰਗੀਤ, ਤੇ ਉਹਨੇ ਮੈਨੂੰ ਨੱਚਣ ਲਈ ਆਖਣਾ ਤੇ ਮੈਂ ਨੱਚਣ ਲੱਗ ਪੈਣਾ; ਓਵੇਂ ਈ ਓਥੇ ਪਾਕਿਸਤਾਨ ਦੇ ਆਜ਼ਾਦੀ-ਦਿਨ ਉੱਤੇ ਹੋਇਆ। ਹਬੀਬ ਮੈਨੂੰ ਆਪਣੇ ਨਾਲ ਸਟੇਜ ਉੱਤੇ ਲੈ ਗਿਆ ਤੇ ਜਦੋਂ ਉਹਨੇ ਗੌਣਾ ਸ਼ੁਰੂ ਕੀਤਾ, ਮੈਂ ਸੁਭਾਵਕ ਹੀ ਉਹਦੇ ਨਾਲ ਨੱਚਣ ਲੱਗ ਪਈ।

"ਆਹ! ਕਿਹੋ ਜਿਹਾ ਗੌਣ ਸੀ ਉਹ! ਆਜ਼ਾਦੀ ਦਾ ਇਕ ਗੀਤ, ਧਰਤੀ ਦੇ ਪਿਆਰ ਦਾ ਗੀਤ, ਤੇ ਹਬੀਬ ਦੀ ਆਵਾਜ਼...ਮੈਂ ਨਾਚ ਵਿਚ ਗੁਆਚ ਗਈ।

"ਹਬੀਬ, ਪੂਰਬੀ ਬੰਗਾਲ ਤੋਂ ਵਲੈਤ ਪੜ੍ਹਨ ਆਇਆ ਹੋਇਆ ਸੀ। ਉਹ ਸ਼ੇਖ਼ ਸੀ, ਤੇ ਮੈਂ ਪੰਜਾਬੀ ਬਰਾਹਮਣ ਕੁੜੀ।

"ਕਦੇ ਸ਼ੇਖ ਤੇ ਬਰਾਹਮਣ ਇਕੱਠੇ ਗੌਣ ਤੇ ਨੱਚਣ- ਕਵੀਆਂ ਦੀ ਇਹ ਤਾਂਘ ਮੈਂ ਪੜ੍ਹੀ ਹੋਈ ਸੀ। ਤੇ ਉਸ ਦਿਨ ਮੈਂ ਇਕ ਬਰਾਹਮਣ ਕੁੜੀ, ਤੇ ਹਬੀਬ, ਮੇਰਾ ਸ਼ੇਖ ਦੋਸਤ, ਅਸੀਂ ਦੋਵੇਂ ਰਲ ਕੇ ਪਹਿਲਾਂ ਨਾਲੋਂ ਕਿਤੇ ਚੰਗਾ ਗੰਵੇ ਤੇ ਨੱਚੇ ਸਾਂਤੇ ਇਹ ਪਾਕਿਸਤਾਨ ਦਾ ਆਜ਼ਾਦੀ ਦਿਨ ਸੀ... "ਰਾਤੀਂ ਜਦੋਂ ਮੈਂ ਹੋਸਟਲ ਪਰਤੀ, ਮੇਰੇ ਨੱਚਣ ਦੀ ਸੋਅ ਮੇਰੇ ਤੋਂ ਪਹਿਲਾਂ ਮੇਰੀ ਕਮਰਾਸਾਥਣ ਕੋਲ ਪੁਜ ਚੁੱਕੀ ਸੀ। ਉਹਨੇ ਮੈਨੂੰ ਬੜਾ ਝਾੜਿਆ, 'ਅਜੀਬ ਸਿੱਧੜ ਏਂ ਤੂੰ! ਅੱਜ ਪਾਕਿਸਤਾਨ ਦੇ ਆਜ਼ਾਦੀ-ਦਿਨ ਉੱਤੇ ਵੀ ਨੱਚ ਆਈਂ ਏਂ! ਕਦੇ ਤਾਂ ਕੁਝ ਸੋਚ ਸਮਝ ਲਿਆ ਕਰ! ਆਪਣੇ ਉਸ ਦਾੜ੍ਹੀ ਵਾਲੇ ਮੁਸਲਮਾਨ ਦੋਸਤ ਦੀ ਦੋਸਤੀ ਕਰਕੇ ਤੈਨੂੰ ਆਪਣੇ ਤੇ ਪਰਾਏ ਦੇਸ ਦੀ ਤਮੀਜ਼ ਭੁੱਲ ਗਈ ਏ!"

"ਮੈਨੂੰ ਇਸ ਕਮਰਾ-ਸਾਥਣ ਦੀਆਂ ਸਿਆਣੀਆਂ ਗੱਲਾਂ ਕਈ ਵਾਰ ਨਹੀਂ ਸਨ ਪੈਂਦੀਆਂ ਹੁੰਦੀਆਂ। ਪਹਿਲਾਂ ਕਦੇ ਮੈਂ ਉਹਦੇ ਨਾਲ ਅੱਗੋਂ ਦਲੀਲਬਾਜ਼ੀ ਨਹੀਂ ਸੀ ਕੀਤੀ, ਪਰ ਅੱਜ ਮੈਂ ਉਹਨੂੰ ਆਖ ਹੀ ਦਿੱਤਾ, 'ਆਜ਼ਾਦੀ ਦੀ ਕੋਈ ਵੰਡ ਨਹੀਂ ਹੁੰਦੀ। ਜਿੱਥੇ ਵੀ ਕਿਤੇ ਲੋਕ ਆਜ਼ਾਦ ਹੁੰਦੇ ਨੇ, ਮੇਰੇ ਪੈਰਾਂ ਵਿਚ ਨਾਚ ਮਚ ਪੈਂਦਾ ਏ- ਤੇ ਫੇਰ ਇਹ ਤਾਂ ਸਾਡੇ ਆਪਣੇ ਹੀ ਲੋਕ ਨੇ, ਇਕ ਤਰ੍ਹਾਂ ਸਾਡਾ ਆਪਣਾ ਹੀ ਦੇਸ਼...

"ਓਦੋਂ ਤੱਕ ਹਾਲੀਂ ਮੈਂ ਆਪਣੇ ਦੇਸ਼ ਕਦੇ ਨਹੀਂ ਸਾਂ ਆਈ ਹੋਈ। ਤੈਨੂੰ ਪਤਾ ਹੀ ਏ ਮੈਨ ਅਫ਼ਰੀਕਾ ਵਿਚ ਹੀ ਜੰਮੀ ਪਲੀ ਹਾਂ। ਪਰ ਆਪਣੇ ਦੇਸ਼ ਦੀ ਆਜ਼ਾਦੀ ਲਹਿਰ ਬਾਰੇ ਮੈਂ ਬੜਾ ਕੁਝ ਪੜ੍ਹਿਆ ਤੇ ਸੁਣਿਆ ਹੋਇਆ ਸੀ। ਆਪਣੇ ਦੇਸ਼ ਨਾਲ- ਜਿਹੜਾ ਹੁਣ ਭਾਰਤ ਤੇ ਪਾਕਿਸਤਾਨ ਵਿਚ ਵੰਡਿਆ ਗਿਆ ਏ- ਇਹ ਆਜ਼ਾਦੀ ਲਹਿਰ ਹੀ ਮੇਰਾ ਸਬੰਧ ਜੋੜਦੀ ਸੀ। ਮੈਂ ਖੁਸ਼ ਸਾਂ ਕਿ ਅੱਜ ਉਸ ਹਿੰਦੋਸਤਾਨ ਦੀ ਆਜ਼ਾਦੀ ਦਾ ਦਿਨ ਸੀ ਜਿਹੜਾ ਹੁਣ ਪਾਕਿਸਤਾਨ ਏਤੇ ਕੱਲ੍ਹ ਉਸ ਹਿੰਦੋਸਤਾਨ ਦਾ ਆਜ਼ਾਦੀ ਦਿਨ ਹੋਏਗਾ, ਜਿਹੜਾ ਹੁਣ ਭਾਰਤ ਏ - ਤੇ ਦੋਵੇਂ ਮੇਰੇ ਈ ਸਨ, ਤੇ ਮੈਂ ਦੋਵਾਂ ਦੇ ਲੋਕਾਂ ਦੀ ਖੁਸ਼ੀ ਨਾਲ ਨੱਚਾਂਗੀ...

"ਜਿਨ੍ਹੀਂ ਦਿਨੀਂ ਮੈਂ ਹਬੀਬ ਨੂੰ ਪਹਿਲਾਂ ਪਹਿਲ ਮਿਲੀ ਸਾਂ...ਬੜੇ ਹੀ ਅਲੋਕਾਰ ਦਿਨ ਸਨ ਉਹ। ਮੇਰੀ ਜਵਾਨੀ ਜਾਗਣ ਦੇ ਦਿਨ, ਸਰੀਰ ਦੀ ਸੋਝੀ ਦੇ ਨਾਲ ਨਾਲ ਮਨ ਦੇ ਸੁੱਝਣ ਹੋਣ ਦੇ ਦਿਨ- ਓਦੋਂ ਜਿਵੇਂ ਕਿਤੇ ਖੰਭ ਉੱਗ ਆਏ ਸਨ ਮੇਰੇ ਮੋਢਿਆਂ 'ਤੇ। ਜਿੱਥੇ ਵੀ ਗੁਲਾਮੀ ਸੀ, ਅਨਿਆਂ ਸੀ, ਜ਼ੰਜੀਰਾਂ ਸਨ, ਬਦਬੂ ਕੋਈ ਫੁੱਲਾਂ ਨੂੰ ਮਿੱਧਦਾ ਸੀ, ਓਥੇ ਜਿਵੇਂ ਮੈਂ ਉੱਡ ਕੇ ਪੁਜ ਸਕਦੀ ਸਾਂ, ਸਚਾਈ ਜੂਝ ਸਕਦੀ ਸਾਂ- ਤੇ ਹਬੀਬ ਮੇਰੇ ਅੰਗ ਸੰਗ ਸੀ।

"ਹਬੀਬ ਓਦੋਂ ਮੇਰੇ ਕੋਲੋਂ ਕੁਝ ਵੀ ਮੰਗਦਾ, ਮੈਂ ਸਭ ਕੁਝ ਉਸ ਨੂੰ ਦੇ ਸਕਦੀ ਸਾਂ।

"ਹਬੀਬ ਦਾ ਰੰਗ ਸਾਂਵਲਾ, ਬਰੀਕ ਨਕਸ਼ਾਂ ਵਾਲਾ ਬੁਧੀਮਾਨ ਚਿਹਰਾ ਤੇ ਦਾੜ੍ਹੀ...ਤੈਨੂੰ ਪਤਾ ਈ ਏ, ਮੈਂ ਧਰਮਾਂ (ਵਿਚ ਉਸ ਤਰ੍ਹਾਂ ਨਹੀਂ ਪੈਂਦੀ), ਓਦੋਂ ਵੀ ਇੰਝ ਈ ਸਾਂ- ਪਰ ਹਬੀਬ ਮੈਨੂੰ ਕੋਈ ਸੰਤ, ਕੋਈ ਮਹਾਤਮਾ ਜਾਪਦਾ ਸੀ। ਇਸ

ਅਹਿਸਾਸ ਦਾ ਧਰਮ ਨਾਲ ਕੋਈ ਵਾਸਤਾ ਨਹੀਂ ਸੀ, ਇਸਦਾ ਵਾਸਤਾ ਮਨੁੱਖੀ ਕਦਰਾਂ ਨਾਲ ਸੀ, ਸੂਝ ਦੇ ਜਲਾਲ ਨਾਲ ਸੀ....

"ਤੇ ਜ਼ਿੰਦਗੀ ਓਦੋਂ ਇਕ ਨਗਮਾ ਸੀ, ਇਕ ਨਾਚ, ਤੇ ਸਚਾਈ ਲਈ ਜਦੋ-ਜਹਿਦ, ਤੇ ਅਸੀਂ ਦੋਵੇਂ ਜਿਵੇਂ ਇਨਸਾਨੀਅਤ ਦੇ ਆਰਕੈਸਟਰੇ ਵਿਚ ਵੱਜ ਰਹੇ ਦੋ ਸਾਜ਼ ਸਾਂ, ..ਦੋ ਇਕ-ਸੁਰ ਸਾਜ਼...

"ਜਦੋਂ ਗਰਮੀਆਂ ਦੀਆਂ ਛੁੱਟੀਆਂ ਆਈਆਂ ਤਾਂ ਅਸਾਂ ਦੋਵਾਂ ਸਵਿਜਰ.ਲੈਂਡ ਵਿਚ ਛੁੱਟੀਆਂ ਬਿਤਾਣ ਦੀ ਸਲਾਹ ਬਣਾਈ।

"ਹਬੀਬ ਨੇ ਕਿਹਾ, 'ਤੂੰ ਕਈ ਵਾਰ ਖੁੱਲ੍ਹ ਕੇ ਨਹੀਂ ਗੌਂਦੀ। ਇੱਥੇ ਲੰਡਨ ਵਿਚ ਸਾਡੇ ਆਲੇਦੁਆਲੇ ਇਕ ਭੀੜ ਹੁੰਦੀ ਏ ਤੇ ਇਸ ਭੀੜ ਵਿਚ ਤੇਰੀ ਕਮਰਾ-ਸਾਥਣ ਵਰਗੇ ਸਿਆਣੇ ਲੋਕ ਬਹੁਤ ਹੁੰਦੇ ਨੇ, ਜਿਹੜੇ ਹਰ ਤਰ੍ਹਾਂ ਦੀ ਤਮੀਜ਼ ਸਿਖਾਣਾ ਚਾਂਹਦੇ ਨੇ। ਤੇ ਇਨ੍ਹਾਂ ਸਭਨਾ ਵਿਚ ਕਈ ਵਾਰੀ ਖੁੱਲ੍ਹ ਕੇ ਗੌਣਾ ਤਾਂ ਇਕ ਪਾਸੇ, ਖੁਲ੍ਹ ਕੇ ਸਾਹ ਲੈਣਾ ਵੀ ਮੁਸ਼ਕਲ ਹੋ ਜਾਂਦਾ ਏ। ਸਵਿਟਜ਼ਰਲੈਂਡ ਦੇ ਬਨਾਂ ਵਿਚ ਤੂੰ ਤੇ ਮੈਂ ਖੂਬ ਖੁਲ੍ਹ ਕੇ ਗੰਵਾਂਗੇ। ਤੇ ਨਾਲੇ ਮੈਂ ਤੈਨੂੰ ਬੰਗਾਲੀ ਸਿਖਾਵਾਂਗਾ, ਤੇ ਤੂੰ ਮੈਨੂੰ ਪੰਜਾਬੀ ਸਿਖਾਈਂਫੇਰ ਅਸੀਂ ਅੰਗਰੇਜ਼ੀ ਵਿਚ ਨਹੀਂ, ਆਪੋ ਆਪਣੀ ਬੋਲੀ ਵਿਚ ਇਕ ਦੂਜੇ ਨਾਲ ਗੱਲਾਂ ਕਰਿਆ ਕਰਾਂਗੇ।"

"ਤੇ ਸਵਿਟਜ਼ਰਲੈਂਡ...ਉਹਦੇ ਬਨ...ਉਦੇ ਪਹਾੜ, ਹਬੀਬ ਤੇ ਮੈਂ, ਤੇ ਬੰਗਾਲੀ ਤੇ ਪੰਜਾਬੀ, ਤੇ ਸਾਡੇ ਗੀਤ....

"ਜਦੋਂ ਅਸੀਂ ਇਕ ਦੂਜੇ ਦੀ ਬੋਲੀ ਸਿੱਖ ਰਹੇ ਹੁੰਦੇ ਤਾਂ ਸਾਨੂੰ ਜਾਪਦਾ ਜਿਵੇਂ ਅਸੀਂ ਧੁੰਦ ਵਿਚ ਇਕੱਠੇ ਤੁਰ ਰਹੇ ਹੋਵੀਏ- ਕੁਝ ਦਿਸ ਰਿਹਾ ਸੀ, ਕੁਝ ਨਹੀਂ ਸੀ ਦਿਸਦਾ..

"ਤੇ ਅਸੀਂ ਸੂਰਜ ਦੇ ਚੜ੍ਹਾਅ ਨੂੰ, ਸਵੇਰ ਦੇ ਫੁੱਲਾਂ ਨੂੰ, ਦੁਪਹਿਰ ਦੇ ਚਾਨਣ ਤੇ ਸ਼ਾਮ ਦੇ ਪੰਛੀਆਂ ਨੂੰ, ਸੂਰਜ ਅਸਤ ਤੇ ਤ੍ਰਕਾਲਾਂ ਦੇ ਪਹਿਲੇ ਤਾਰੇ ਨੂੰ-ਸਭ ਨੂੰ ਖੁਲ੍ਹ ਕੇ ਗੰਵੇ ਸਾਂਝੇ ਗੀਤਾਂ ਨਾਲ 'ਹੈਲੋ' ਆਖਦੇ; ਤੇ ਫੇਰ ਰਾਤ ਆਉਂਦੀ ਤੇ ਸਾਡੇ ਗੀਤ ਉਦੋਂ ਮਖਮਲੀ ਹਨੇਰੇ ਦੀ ਬੁਕਲ ਵਿਚ ਵੀ ਜਾਗਦੇ ਰਹਿੰਦੇ।

"ਇਕ ਦਿਨ ਅਸੀਂ ਦੋਵੇਂ ਨਦੀ ਵਿਚ ਨਹਾ ਕੇ ਬਾਹਰ ਨਿਕਲੇ। ਹਬੀਬ ਦੀ ਦਾੜ੍ਹੀ ਵਿਚ ਨਦੀ ਦੇ ਜਲ ਦੇ ਤੁਪਕੇ ਸਨ। ਉਹਦੇ ਸਾਂਵਲੇ ਬੁਲ੍ਹ ਸਿਲ੍ਹੇ ਤੇ ਵਧੇਰੇ ਸਾਂਵਲੇ ਹੋ ਚੁਕੇ ਸਨ, ਤੇ ਉਹਦੀਆਂ ਅੱਖਾਂ ਨੂੰ ਜਿਵੇਂ ਇਸ ਜਲ ਨੇ ਹੋਰ ਗਹਿਰਾਈ ਦੇ ਦਿੱਤੀ ਸੀ। ਉਹਨੇ ਮੇਰੇ ਦੋਵੇਂ ਹਥ ਫੜ ਲਏ, ਤੇ ਮੈਨੂੰ ਕਿਹਾ, ਹਮੇਸ਼ਾ ਇਕ ਦੂਜੇ ਨੂੰ ਮੁਹੱਬਤ ਕਰਦੇ ਰਹਾਂਗੇ, ਪਰ ਮੁਹੱਬਤ ਵਿਚ ਕਦੇ ਨਹੀਂ..."

"ਊਂ..ਹੂੰ..ਇਹ ਫ਼ਿਕਰਾ ਤਰਜਮੇ ਵਿਚ ਕੁਝ ਨਹੀਂ ਬਣਦਾ। ਮੈਂ ਤੈਨੂੰ ਹਬੀਬ ਦਾ ਆਪਣਾ ਫ਼ਿਕਰਾ ਹੂ ਬ ਹੂ ਸੁਣਾਂਦੀ ਹਾਂ। ਉਹਨੇ ਅੰਗਰੇਜ਼ੀ ਵਿਚ ਕਿਹਾ ਸੀ: " We will always love each other, but we will not fall in love..." (ਅਸੀਂ ਇੱਕ ਦੂਜੇ ਨੂੰ ਪਿਆਰ ਤਾਂ ਹਮੇਸ਼ਾ ਕਰਦੇ ਰਹਾਂਗੇ ਪਰ ਸਾਨੂੰ ਇਕ ਦੂਜੇ ਨਾਲ ਪਿਆਰ ਨਹੀਂ ਹੋ ਜਾਵੇਗਾ)

"ਫੇਰ ਗਰਮੀਆਂ ਦੀਆਂ ਛੁੱਟੀਆਂ ਮੁਕ ਗਈਆਂ, ਤੇ ਸਾਨੂੰ ਲੰਡਨ ਦੀ ਭੀੜ ਵਿਚ ਆਣਾ ਪਿਆ। ਪਰ ਲੰਡਨ ਵਿਚ ਵੀ ਜਦ ਮੈਂ ਹਬੀਬ ਦੀਆਂ ਅੱਖਾਂ ਵਿਚ ਵੇਖਦੀ, ਉਨ੍ਹਾਂ ਵਿਚ ਨਦੀਓਂ ਨਹਾ ਕੇ ਨਿਕਲੇ ਬਿੰਦ ਵਾਲੀ ਗਹਿਰਾਈ ਮੈਨੂੰ ਲਭਦੀ।

"ਅਸੀਂ ਇਕ ਦੂਜੇ ਨਾਲ ਰਲ ਕੇ ਬੜੀਆਂ ਤਜਵੀਜ਼ਾਂ ਬਣਾਈਆਂ: ਇਮਤਿਹਾਨਾਂ ਤੋਂ ਬਾਅਦ ਅਸੀਂ ਇਕੱਠੇ ਗਾਵਾਂਗੇ, ਨੱਚਾਂਗੇ; ਅਫ਼ਰੀਕਾ ਦੀ ਆਜ਼ਾਦੀ-ਲਹਿਰ ਲਈ ਪੈਸੇ ਤੇ ਲੋਕਾਂ ਦੀ ਹਮਦਰਦੀ ਜੋੜਾਂਗੇ; ਅਸੀਂ ਹਿੰ-ਪਾਕ ਦੋਸਤੀ ਉਤੇ ਇਕ ਗੀਤ-ਨਾਟ ਤਿਆਰ ਕਰਾਂਗੇ ਤੇ ਇਹਨੂੰ ਇਕ ਦੇਸ਼ 'ਚੋਂ ਬਣੇ ਦੋਵਾਂ ਦੇਸਾਂ ਦੇ ਸ਼ਹਿਰ ਸ਼ਹਿਰ, ਪਿੰਡ ਪਿੰਡ ਜਾ ਕੇ ਲੋਕਾਂ ਸਾਹਮਣੇ ਪੇਸ਼ ਕਰਾਂਗੇ। ਇਸ ਗੀਤ-ਨਾਟ ਵਿਚ ਖ਼ੀ ਰਾਮ ਬੋਸ ਹੋਵੇਗਾ, ਤੇ ਜਲ੍ਹਿਆਂਵਾਲਾ, ਤੇ ਭਗਤ ਸਿੰਘ...

"ਅਸੀਂ ਜਦੋਂ ਕਦੇ ਵੀ ਭਵਿਖ ਵਲ ਨੀਝ ਲਾਂਦੇ, ਤਾਂ ਸਾਨੂੰ ਦਿਸਦਾ: ਅਸੀਂ ਦੋਵੇਂ ਇਕੱਠੇ ਸਾਂ, ਕਦੇ ਧੁੰਦ ਵਿਚ, ਕਦੇ ਚਾਨਣੇ ਵਿਚ, ਪਰ ਸਦਾ ਇਕੱਠੇ, ਤੇ ਬਹੁਤੀ ਵਾਰ ਗੌਂ ਰਹੇ, ਨਚ ਰਹੇ...

"ਭਵਿੱਖ ਬਾਰੇ ਅਸੀਂ ਹੋਰ ਕੋਈ ਗੱਲ ਕਦੇ ਪੱਕੀ ਨਹੀਂ ਸੀ ਕੀਤੀ; ਹਾਂ ਹਬੀਬ ਮੈਨੂੰ ਸਦਾ ਇਹ ਕਹਿੰਦਾ, 'ਤੇਰੀ ਥਾਂ ਅਫ਼ਰੀਕਾ ਵਿਚ ਨਹੀਂ, ਤੇਰੇ ਆਪਣੇ ਦੇਸ਼ ਵਿਚ ਏ। ਅਸੀਂ ਆਪੋ-ਆਪਣੇ ਦੇਸ਼ ਵਿਚ ਹੀ ਲੋਕਾਂ ਲਈ ਵਧ ਤੋਂ ਵਧ ਸਹਾਈ ਹੋ ਸਕਦੇ ਹਾਂ...'

"ਅਸੀਂ ਇਕ ਗੀਤ-ਨਾਟ ਦੀ ਤਿਆਰੀ ਵਿਚ ਰੁੱਝੇ ਹੋਏ ਸਾਂ ਕਿ 'ਚਾਨਕ ਹਬੀਬ ਨੂੰ ਆਪਣੇ ਦੇਸ਼ੋਂ ਜ਼ਰੂਰੀ ਸੱਦਾ ਆ ਗਿਆ।

"ਹਬੀਬ ਦੀ ਮਾਂ-ਬੋਲੀ ਨਾਲ ਅਨਿਆਂ ਹੋ ਰਿਹਾ ਸੀ, ਤੇ ਉਹਨੂੰ ਉਹਦੀ ਪਾਰਟੀ ਬੁਲਾ ਰਹੀ ਸੀ, ਉਹਦਾ ਵਤਨ ਬੁਲਾ ਰਿਹਾ ਸੀ।

"ਜਿਹੜੇ ਗੀਤ ਉਹ ਗੌਂਦਾ ਹੁੰਦਾ ਸੀ-ਉਹੀ, ਜਿਹੜੇ ਉਨੇ ਮੈਨੂੰ ਵੀ ਖਾਏ ਸਨ- ਉਹ ਗੀਤ ਅਜ ਬਿਪਤਾ ਵਿਚ ਘਿਰੇ ਸਨ, ਉਨ੍ਹਾਂ ਗੀਤਾਂ ਦੀ ਜਬਾਨ, ਤੇ ਉਨ੍ਹਾਂ ਗੀਤਾਂ ਨੂੰ ਗੌਣ ਵਾਲੇ ਅਜ ਭਾਰੀ ਮੁਸੀਬਤ ਦਾ ਸ਼ਿਕਾਰ ਸਨ।

"ਤੇ ਹਬੀਬ ਆਪਣੇ ਲੋਕਾਂ ਨਾਲ ਰਲ ਕੇ ਇਸ ਮੁਸੀਬਤ ਦੇ ਖਿਲਾਫ਼ ਜੂਝਣ ਲਈ ਜਾ ਰਿਹਾ ਸੀ...

"'ਅਲਵਿਦਾ! ਮੇਰੇ ਗੀਤ ਤੇਰੇ ਕੋਲ ਨੇ...'

" 'ਤੇਰਾ ਬਹੁਤ ਕੁਝ ਮੇਰੇ ਕੋਲ ਏ, ਤੇ ਹਮੇਸ਼ਾ ਰਹੇਗਾ!'

'ਅਲਵਿਦਾ...'

"ਤੇ ਹਬੀਬ ਚਲਾ ਗਿਆ।

"ਹੁਣ ਵੀਹ ਤੋਂ ਵੱਧ ਵਰ੍ਹੇ ਹੋ ਗਏ ਨੇ ਉਹਨੂੰ ਮਿਲਿਆਂ, ਉਹਦੇ ਨਾਲ ਇਕ ਬੋਲ ਵੀ ਸਾਂਝਾ ਕੀਤਿਆਂ...

"ਹਾਂ, ਇਸ ਸਾਰੇ ਸਮੇਂ ਵਿਚ- ਇਕ ਜੁਗ ਕਹਿ ਲਵਾਂ ਇਹਨੂੰ- ਇਕ ਵਾਰ ਮੈਨੂੰ ਉਹਦਾ ਖਤ ਆਇਆ ਸੀ।

"ਮੈਂ ਪੜ੍ਹਾਈ ਮੁਕਾ ਕੇ ਅਫ਼ਰੀਕਾ ਨਾ ਗਈ, ਤੇ ਆਪਣੇ ਦੇਸ਼ ਹੀ ਆ ਗਈ- ਜਿਵੇਂ ਹਬੀਬ ਨੇ ਕਿਹਾ ਚਾਹਿਆ ਸੀ। ਇਥੇ ਆ ਕੇ ਇਕ ਵਾਰ ਮੈਂ ਕਲਕੱਤੇ ਕਿਸੇ ਅਮਨ ਕਾਨਫ਼ਰੰਸ ਵਿਚ ਗਈ।

" ਇਸ ਕਾਨਫ਼ਰੰਸ ਵਿਚ ਪੂਰਬੀ ਬੰਗਾਲ ਤੋਂ ਵੀ ਇਕ ਪ੍ਰਤੀਨਿਧ ਆਇਆ ਹੋਇਆ ਸੀ। ਓਦੋਂ ਹਾਲੇ ਸਾਡੇ ਦੇਸ਼ਾਂ ਵਿਚਾਲੇ ਅਜਿਹੀ ਆਵਾਜਾਈ ਉੱਕੀ ਖਤਮ ਨਹੀਂ ਸੀ ਹੋਈ। ਮੈਂ ਉਸ ਕੋਲੋਂ ਹਬੀਬ ਦੀ ਸੁਖ ਸਾਂਦ ਪੁੱਛੀ।

" ਉਹ ਉਹਦਾ ਜਾਣੂ ਸੀ ਤੇ ਇਕ ਵਾਰ ਉਹਨੇ ਉਹਦੇ ਨਾਲ ਕੈਦ ਵੀ ਕੱਟੀ ਹੋਈ ਸੀ; ਪਰ ਹੁਣ ਉਹਨੂੰ ਨਹੀਂ ਸੀ ਪਤਾ ਕਿ ਹਬੀਬ ਕਿੱਥੇ ਆਪਣੇ ਲੋਕਾਂ ਲਈ ਕੰਮ ਕਰ ਰਿਹਾ ਸੀ।

"ਅਸੀਂ ਬੜਾ ਚਿਰ ਹਬੀਬ ਦੀਆਂ ਗੱਲਾਂ ਕਰਦੇ ਰਹੇ। ਉਹਨੇ ਮੈਨੂੰ ਦੱਸਿਆ ਕਿ ਕਿਵੇਂ ਅੰਡਰਗ੍ਰਾਉਂਡ ਕੰਮ ਕਰਨ ਲਈ ਹਬੀਬ ਨੇ ਦਾੜ੍ਹੀ ਕਟਵਾ ਦਿੱਤੀ ਸੀ।

"ਮੈਂ ਦਾੜ੍ਹੀ ਬਿਨਾਂ ਹਬੀਬ ਦਾ ਕਿਆਸ ਵੀ ਨਹੀਂ ਸਾਂ ਕਰ ਸਕਦੀ..."

"ਤੇ ਹਬੀਬ ਦੇ ਬੰਗਾਲ ਤੋਂ ਆਏ ਪ੍ਰਤੀਨਿਧ ਨੇ ਮੈਨੂੰ ਦੱਸਿਆ, 'ਅਖੀਰ ਜਦੋਂ ਉਹ ਫੜਿਆ ਗਿਆ ਤਾਂ ਜੇਲ੍ਹ ਵਿਚ ਉਹਨੇ ਦਾੜ੍ਹੀ ਰਖ ਲਈ ਸੀ।

"ਮੇਰੇ ਸਾਹਮਣੇ ਉਸ ਵੇਲੇ ਸਵਿਟਜ਼ਰਲੈਂਡ ਦੀ ਇਕ ਨਦੀ ਵਿਚ ਨਹਾ ਕੇ ਨਿਕਲੇ ਹਬੀਬ ਦਾ ਚਿਹਰਾ ਸੀ, ਤੇ ਉਹਦੀ ਦਾੜ੍ਹੀ ਵਿਚ ਉਸ ਪਰਬਤੀ ਨਦੀ ਦੇ ਤੁਪਕੇ ਸਨ, ਤੇ ਉਹਦੇ ਸਾਂਵਲੇ ਬੁਲ੍ਹ ਸਿਲ੍ਹੇ ਤੇ ਹੋਰ ਵਧੇਰੇ ਸਾਂਵਲੇ....

"ਤੇ ਉਹਨੇ ਕਿਹਾ, 'ਹਬੀਬ ਜਦੋਂ ਜੇਲ੍ਹ ਅੰਦਰ ਗੌਂਦਾ ਸੀ ਤਾਂ ਜਾਪਦਾ ਸੀ ਜਿਵੇਂ ਸਾਰੇ ਲੋਕ ਆਜ਼ਾਦ ਹੋ ਗਏ ਨੇ' ।

"ਉਸਨੇ ਆਪਣੇ ਦੇਸ਼ ਪਰਤ ਕੇ ਕਿਤੋਂ ਹਬੀਬ ਨੂੰ ਲਭਿਆ ਹੋਏਗਾ, ਤੇ ਉਹਨੂੰ ਮੇਰਾ ਪਤਾ ਦਿਤਾ ਹੋਏਗਾ। ਤੇ ਇਸ ਤਰ੍ਹਾਂ ਅਖੀਰ ਇਕ ਦਿਨ ਮੈਨੂੰ ਹਬੀਬ ਦਾ ਖਤ ਆਇਆ।

"ਜਿਸ ਦਿਨ ਹਬੀਬ ਦਾ ਖਤ ਮੈਨੂੰ ਮਿਲਿਆ, ਉਸ ਤੋਂ ਇਕ ਦਿਨ ਪਹਿਲਾਂ ਮੇਰਾ ਵਿਆਹ ਸੀ।"

"ਤੇ ਵਿਆਹ, ਤੂੰ ਜਾਣਦਾ ਈ ਏਂ, ਬੜੀ ਹਫੜਾ ਦਫੜੀ ਹੁੰਦੀ ਏ- ਇਧਰੋਂ ਓਧਰ, ਤੇ ਓਧਰੋਂ ਏਧਰ।

" **ਇਸ ਹਫੜਾ ਦਫੜੀ ‘ਚ ਕਿਤੇ ਮੇਰੇ ਕੋਲੋਂ ਹਬੀਬ ਦਾ ਖਤ ਗੁਆਚ ਗਿਆ।**

"**ਤੇ ਉਸ ਤੋਂ ਪਿਛੋਂ ਫੇਰ ਹਬੀਬ ਦਾ ਖਤ ਮੈਨੂੰ ਕਦੇ ਨਹੀਂ ਲਭਾ..**

"**ਹਬੀਬ- ਮੇਰਾ ਹਬੀਬ!"**

(1971)

# ਭੈਣ ਦੀ ਮਹਿਕ

ਕਿਹੋ ਜਿਹਾ ਘਰ ਸੀ ਦਿੱਲੀ ਵਾਲੇ ਚਾਚੀ ਜੀ ਦਾ!

ਜੀਤੇ ਦੇ ਪਿੰਡ ਦੇ ਗੁਰਦੁਆਰੇ ਤੋਂ ਕਿਤੇ ਵੱਡਾ!

ਕੁਝ ਦਿਨ ਹੋਏ, ਜੀਤਾ ਆਪਣੇ ਪਿੰਡੋਂ ਆਇਆ ਸੀ। ਸਾਰੀ ਰਾਤ ਗੱਡੀ ਫੱਫ ਫੱਫ ਕਰਦੀ ਰਹੀ ਸੀ। ਉਹਦੇ ਨਾਲ ਉਹਦੀ ਬੀਮਾਰ ਮਾਂ ਆਈ ਸੀ, ਬਾਪੂ ਭੈਣ ਸੋਮਾ ਆਏ ਸਨ ਤੇ ਹੁਣ ਬਾਪੂ ਮਾਂ ਨੂੰ ਦਿੱਲੀ ਦੇ ਵੱਡੇ ਹਸਪਤਾਲ ਲੈ ਗਿਆ ਹੋਇਆ ਸੀ।

ਮਾਂ ਨੇ ਹਸਪਤਾਲ ਜਾਣ ਲੱਗਿਆਂ ਜੀਤੇ ਨੂੰ ਕਿਹਾ ਸੀ, "ਨਾ ਰੋ ਮੇਰਾ ਬੀਬਾ ਵੀਰ, ਸੋਮੀਂ ਭੈਣ ਜੂ ਤੇਰੇ ਕੋਲ ਏ. ਤੇਰੇ ਦਿੱਲੀ ਵਾਲੇ ਚਾਚੇ ਦੀ ਮਦਤ ਮੈਂ ਇਸ ਨਾਮੁਰਾਦ ਬੀਮਾਰੀ ਤੋਂ ਛੇਤੀ ਹੀ ਖਹਿੜਾ ਛੁਡਾਅ ਲਊਂ, ਤੇ ਮੇਰਾ ਮੂੰਹ ਨਰੋਇਆ ਹੋ ਜਾਊ। ਫੇਰ ਆਪਣੇ ਲਾਲ ਨੂੰ ਪਹਿਲੀਆਂ ਵਾਂਗ ਹੀ ਚੁੰਮ ਸਕਿਆ ਕਰਾਂਗੀ। "ਤੇ ਮਾਂ ਨੇ ਕੁਝ ਏਸ ਤਰ੍ਹਾਂ ਜੀਤੇ ਨੂੰ ਘੁੱਟਿਆ ਸੀ ਕਿ ਉਹਨੂੰ ਜਾਪਿਆ ਜਿਵੇਂ ਬੁੱਲ੍ਹਾਂ ਦੀ ਥਾਵੇਂ ਮਾਂ ਏਸ ਬਿੰਦ ਬਾਹਵਾਂ ਨਾਲ ਹੀ ਉਹਨੂੰ ਚੁੰਮ ਗਈ ਹੋਵੇ।

ਫੇਰ ਮਾਂ ਨੇ ਇੱਕ ਪੋਟਲੀ ਸੋਮਾਂ ਭੈਣ ਨੂੰ ਦਿੱਤੀ ਸੀ, "ਪੁੱਤ, ਇਹਦੇ ਦੋ ਰੱਖੜੀਆਂ ਵੀ ਨੇ। ਚੌਥ ਬੁਧ ਨੂੰ ਆਪਣੇ ਵੀਰ ਨੂੰ ਇਕ ਰੱਖੜੀ ਬੰਨ੍ਹ ਦਈਂ ਤੇ ਦੂਜੀ ਆਪਣੇ ਚਾਚੇ ਦੇ ਪੁੱਤਰ ਭਰਾ ਨੂੰ- ਉਸ ਵਿਚਾਰੇ ਦੀ ਆਪਣੀ ਤਾਂ ਕੋਈ ਬੈਣ ਨਹੀਂ. ਤੇ ਸੋਮੀਏਂ, ਮੇਰੇ ਜੀਤੇ ਦਾ ਧਿਆਨ ਰਖੀਂ. ਇਥੇ ਤੂੰ ਹੀ ਉਹਦੇ ਲਈ ਮੇਰੀ ਥਾਂ ਏਂ।" ਜਦੋਂ ਮਾ ਨੇ ਆਪਣੀ ਥਾਂ ਭੈਣ ਨੂੰ ਸੌਂਪੀ ਤਾਂ ਜੀਤੇ ਨੂੰ ਜਾਪਿਆ ਸੀ ਕਿ ਕਾਲਾ ਜਿਹਾ ਬੇਡੌਲ ਪਰਛਾਵਾਂ ਮਾਂ ਵਲ ਵਧ ਕੇ ਆਇਆ ਤੇ ਉਹਨੂੰ ਦੂਰ ਧਰੂਹੀ ਲਿਜਾਅ ਰਿਹਾ ਸੀ, ਪਰਛਾਵਾਂ- ਜਿਹੋ ਜਿਹਾ ਡਰੌਣੀਆਂ ਕਹਾਣੀਆਂ ਵਿਚ ਹੁੰਦਾ ਹੈ......

ਤੇ ਆਪਣੇ ਪਿੰਡ ਤੋਂ ਵੀ ਕਿਤੇ ਵੱਡੇ ਘਰ ਵਿਚ ਜੀਤੇ ਕੋਲ ਸਿਰਫ਼ ਸੋਮਾਂ ਭੈਣ ਹੀ ਰਹਿ ਗਈ ਸੀ। ਉਂਜ ਤਾਂ ਏਸ ਘਰ ਦੋ ਕੁੱਤੇ ਸਨ, ਤੇ ਚਾਚੀ ਜੀ ਸਨ, ਤੇ ਚਾਚੀ ਜੀ ਦਾ ਇੱਕੋ ਇਕ ਪੁੱਤਰ ਸੀ ਜਿਸ ਨੂੰ ਉਹ ਕਾਕਾ ਜੀ ਕਹਿੰਦੇ ਸਨ, ਤੇ

ਕਿੰਨੇ ਹੀ ਨੌਕਰ ਨੌਕਰਾਣੀਆਂ ਸਨ ਜਿਹੜੇ ਕਾਕਾ ਜੀ ਨੂੰ 'ਛੋਟਾ ਸਾਹਿਬ' ਬੁਲਾਂਦੇ ਸਨ। (ਚਾਚਾ ਜੀ ਤਾਂ ਰੋਜ਼ ਸਵੇਰੇ ਇਕ ਵੱਡੀ ਸਾਰੀ ਮੋਟਰ ਉਤੇ ਚੜ੍ਹ ਕੇ ਆਪਣੇ ਕੰਮ ਉਤੇ ਚਲੇ ਜਾਂਦੇ ਸਨ)।

ਜਦੋਂ ਸਵੇਰੇ ਚਾਚਾ ਜੀ ਦੀ ਮੋਟਰ ਬਾਹਰਲੇ ਫਾਟਕ ਵਿਚੋਂ ਨਿਕਲਦੀ ਸੀ, ਉਦੋਂ ਉਸ ਵਿਚੋਂ ਬੜੀ ਸੁਹਣੀ ਤਵਿਆਂ ਵਾਲੇ ਵਾਜੇ ਵਰਗੀ ਵਾਜ ਆਉਂਦੀ ਸੀ, ਤੇ ਓਦੂੰ ਮਗਰੋਂ ਸਾਰਾ ਦਿਨ ਏਸ ਘਰ ਵਿਚੋਂ ਕੋਈ ਸੁਹਣੀ ਵਾਜ ਨਹੀਂ ਸੀ ਨਿਕਲਦੀ।

ਚਾਚੀ ਜੀ ਤਾਂ ਘਟ ਹੀ ਉਨ੍ਹਾਂ ਨਾਲ ਬੋਲਦੇ ਸਨ। ਜੇ ਕਦੇ ਬੋਲਦੇ ਵੀ ਤਾਂ:

"ਅੰਦਰ ਪੈਰ ਪੂੰਝ ਕੇ ਆ..."

"ਕੁਰਸੀ ਉਤੇ ਚੌਂਕੜੀ ਨਾ ਮਾਰ..."

"ਪਾਣੀ ਪੀਂਦਿਆਂ ਇੰਜ ਗੱਟ ਗੱਟ ਨਾ ਕਰ..."

"ਦਿਸਦਾ ਨਹੀਂ ਤੈਨੂੰ, ਅੱਖਾਂ ਨੀ ਕਿ ਟਿੱਚ-ਬਟਨ.."

"ਇਹ ਕੋਈ ਚੁੱਲ੍ਹਾ ਥੋੜਾ ਏ, ਇਹ ਤੇ ਅੰਗੀਠੀ ਏ.."

"ਪੇਂਡੂ ਗਵਾਰ ਨਾ ਹੋਣ ਤਾਂ..."

ਚਾਚੀ ਨੇ ਬੜੇ ਸੁਹਣੇ ਫੁੱਲਾਂ ਵਾਲੇ ਕੱਪੜੇ ਪਾਏ ਹੋਏ ਸਨ, ਪਰ ਉਨ੍ਹਾਂ ਬੋਲਾਂ ਵਿਚ ਕੰਡੇ ਹੀ ਕੰਡੇ ਸਨ।

ਕਾਕਾ ਜੀ (ਛੋਟਾ ਸਾਹਿਬ) ਭਾਵੇਂ ਜੀਤੇ ਦੇ ਹਾਣ ਦਾ ਹੀ ਸੀ, ਪਰ ਉਹ ਉਹਦੇ ਨਾਲ ਉੱਕਾ ਨਹੀਂ ਸੀ ਖੇਡਦਾ। ਕਾਕਾ ਜੀ ਕੋਲ ਅਲੋਕਾਰ ਬਾਜੀਆਂ (ਖਿਡੌਣੇ-ਸੰਨ) ਸਨ: ਇਕ ਨਿੱਕੀ ਜਿਹੀ ਰੇਲ ਗੱਡੀ ਆਪਣੀ ਗੋਲ ਗੋਲ ਲੀਹ ਉਤੇ ਘੁੰਮਦੀ ਸੀ, ਅੱਗੇ ਬੰਬਾ ਕੂਕ ਮਾਰਦਾ ਸੀ ਤੇ ਪਿਛੇ ਬੱਤੀਆਂ ਜਗਦੀਆਂ ਬੁਝਦੀਆਂ ਸਨ; ਇਕ ਟੋਪੀ ਵਾਲਾ ਬਾਜੀਗਰ ਚਾਬੀ ਲਾਇਆਂ ਕਈ ਕਰਤਬ ਦਿਖਾਂਦਾ ਸੀ; ਦੋ ਸ਼ੀਸ਼ਿਆਂ ਵਾਲਾ ਇੱਕ ਡੱਬਾ ਸੀ ਜਿਦ੍ਹੇ ਵਿਚੋਂ ਨੀਝ ਲਾਇਆ, ਚਾਚਾ ਜੀ ਨੇ ਦੱਸਿਆ ਸੀ, ਦੂਰ ਦੁਰੇਡੇ ਦੇਸਾਂ ਦੀਆਂ ਝਾਤੀਆਂ ਇਨ ਬਿਨ ਅਸਲ ਵਰਗੀਆਂ ਦਿਸਦੀਆਂ ਸਨ; ਤੇ ਹੋਰ ਕਈ ਕੁਝ ਸੀ। ਬਾਜੀਆਂ ਸਨ ਕਿ ਜਿਵੇਂ

ਕਿਤੇ ਪਰੀਆਂ ਵਸ ਕੀਤੀਆਂ ਹੋਣ! ਪਰ ਕਾਕਾ ਜੀ ਕਿਸੇ ਵੀ ਚੀਜ਼ ਨੂੰ ਜੀਤੇ ਦਾ ਹੱਥ ਵੀ ਨਹੀਂ ਸੀ ਲੱਗਣ ਦੇਂਦਾ। ਉਹ ਜੀਤੇ ਨਾਲ ਹਾਈਂ ਮਾਈਂ ਕੂੰਦਾ ਹੀ ਨਹੀਂ ਸੀ। ਜੇ ਕਦੇ ਕੂ ਵੀ ਪਵੇ ਤਾਂ ਅਜਿਹੀ 'ਹਮ ਕੀ ਤੁਮ ਕੀ' ਮਾਰਦਾ ਸੀ ਕਿ ਬਹੁਤੀ ਵਾਰੀ ਜੀਤੇ ਦੇ ਕੱਖ ਪੱਲੇ ਨਹੀਂ ਸੀ ਪੈਂਦਾ:

"ਮੇਰੇ ਵਿਊਮਾਸਟਰ ਕੋ ਹਾਥ ਮਤ ਲਗਾਓ...'

"ਯਹ ਹਮਾਰਾ ਟਰਾਈਸਾਈਕਲ ਹੈ, ਹਮ ਤੁਮ ਕੋ ਛੂਨੇ ਨਹੀਂ ਦੇਗਾ...'

"ਮਾਮਾ ਨੇ ਹਮ ਕੋ ਚਾਕਲੇਟ ਔਰ ਸਵੀਟ ਖਿਲਾਏ, ਤੁਮ ਕੋ ਨਹੀਂ.."

ਹਮ ਨੇ ਕੋਕਾ ਕੋਲਾ ਪੀਆ ਹੈ- ਤੁਮ ਕੋ ਪਾਨੀ ਮਿਲਾ.."

ਅਤੇ ਸਭ ਤੋਂ ਵਧ ਅਚੰਭੇ ਵਾਲੀ ਗੱਲ ਇਹ ਸੀ ਕਿ ਉਹ ਆਪਣੀ ਮਾਂ 'ਮਾਮਾ' ਕਹਿੰਦਾ ਸੀ!

ਫੁੱਲਾਂ ਵਰਗੇ ਕੱਪੜਿਆਂ ਵਾਲੀ ਚਾਚੀ- ਕੰਡਿਆਂ ਵਰਗੇ ਬੋਲ!

ਪਰੀਆਂ-ਵਸ ਕੀਤੇ ਵਰਗੀਆਂ ਬਾਜੀਆਂ ਵਾਲਾ ਚਾਚੇ ਦਾ ਪੁੱਤ ਭਰਾ- ਭੂਤਾਂ ਵਰਗੇ ਬੋਲ!

ਹਾਂ, ਕਦੇ ਕਦਾਈਂ ਕਮਰੇ ਵਿਚਕਾਰੋਂ ਚਾਨਚਕੇ ਟਨਟਨ ਜਿਹੀ ਹੁੰਦੀ ਤਾਂ ਚਾਚੀ ਇਕ ਕਾਲੀ ਨਲਕੀ ਜਿਹੀ ਫੜ ਲੈਂਦੀ. ਏਸ ਨਲਕੀ ਦੇ ਦੁਪਾਸੀਂ ਕੁੱਪੀਆਂ ਜਿਹੀਆਂ ਸਨ, ਤੇ ਕਿੰਨਾ ਕਿੰਨਾ ਚਿਰ ਚਾਚੀ ਉਨ੍ਹਾਂ ਕੁੱਪੀਆਂ ਨੂੰ ਮੂੰਹ ਤੇ ਕੰਨ ਲਾਈ ਮਿੱਠਾ ਮਿੱਠਾ ਬੋਲਦੀ ਰਹਿੰਦੀ ਸੀ।

ਏਸ ਕੁੱਪੀ ਲਿਈ ਮਿੱਠੇ ਬੋਲ! ਤੇ ਜੀਤੇ ਸੋਮਾਂ ਲਈ ਕੰਡਿਆਂ ਵਰਗੇ ਬੋਲ! ਕਿਹੋ ਜਿਹਾ ਘਰ ਸੀ ਦਿੱਲੀ ਵਾਲੇ ਚਾਚੀ ਜੀ ਦਾ।

ਹੁਣੇ ਪਤਾ ਨਹੀਂ ਸੋਮਾਂ ਭੈਣ ਨਾਲ ਕੀ ਗੱਲ ਛਿੜ ਪਈ ਤੇ ਚਾਚੀ ਨੇ ਇਕ ਅਜੀਬ ਤਰ੍ਹਾਂ ਦਾ ਹਾਸਾ ਹੱਸ ਕੇ ਕਿਹਾ, (ਮਾਂ ਦਾ ਹਾਸਾ ਕਿੱਡਾ ਨਿੱਘਾ ਹੁੰਦਾ ਸੀ, ਤੇ ਚਾਚੀ ਦਾ ਇਹ ਹਾਸਾ ਕਿੱਡਾ ਯਖ਼ ਸੀ!) - "ਕੋਈ ਨਹੀਂ ਤੁਸਾਂ ਦੋਵ੍ਹਾਂ ਕਿਹੜਾ ਇਥੋਂ ਛੇਤੀ ਚਲੇ ਜਾਣਾ ਏ! ਇਹ ਤਾਂ ਆਪਣੇ ਚਾਚੇ ਦੇ ਸਿਰ ਨੂੰ ਸੀਸਾਂ ਦਿਓ ਜਿਨ੍ਹੇਂ ਤੁਹਾਡੀ ਮਾਂ ਨੂੰ ਵੱਡੇ ਹਸਪਤਾਲ ਵਿਚ ਦਾਖਲਾ ਦੁਆ ਦਿੱਤਾ ਏ। ਨਹੀਂ ਤਾਂ ਪੈਲੀ ਕੁੱਲਾ ਵੇਚ ਕੇ ਵੀ ਤੁਹਾਡਾ ਬਾਪੂ ਏਸ ਉਪ੍ਰੇਸ਼ਨ ਦਾ ਖਰਚ ਨਹੀਂ

ਸੀ ਤਾਰ ਸਕਦਾ. ਜੇ ਇਹ ਉਪ੍ਰੇਸ਼ਨ ਠੀਕ ਵੀ ਹੋ ਜਾਏ- ਪਤਾ ਕੁਝ ਨਹੀਂ, ਇਹਦੇ ਵਿਚ ਬਹੁਤੇ ਮਰੀਜ਼ ਮਰ ਜਾਂਦੇ ਨੇ- ਤਾਂ ਵੀ ਪਿਛੋਂ ਹਸਪਤਾਲ ਵਿਚ ਹੀ ਟਿਕਣਾ ਪੈਂਦਾ ਏ." ਤੇ ਗੱਲ ਮੁੱਕਣ ਪਿੱਛੋਂ ਵੀ ਵਾਹਵਾ ਚਿਰ ਉਹੀ ਯਖ਼ ਹਾਸਾ ਚਾਚੀ ਦੇ ਮੂੰਹ ਉਤੇ ਧੂੜਿਆ ਰਿਹਾ ਸੀ।

ਸੋਮਾਂ ਦਾ ਮੂੰਹ ਇਕਦਮ ਪੀਲਾ ਭੂਕ ਹੋ ਗਿਆ।

ਜੀਤਾ ਸੋਚੀਂ ਪੈ ਗਿਆ- 'ਪ੍ਰੇਸ਼ਨ'...'ਪ੍ਰੇਸ਼ਨ' ਜ਼ਰੁਰ ਕੋਈ ਬੜੀ ਚੰਗੀ ਸ਼ੈ ਹੁੰਦੀ ਹੋਵੇਗੀ, ਜਿਹੜੀ ਚਾਚੇ ਦੀ ਮਦਦ ਨਾਲ ਬਾਪੂ ਨੇ ਮਾਂ ਲਈ ਮੁੱਲ ਲੈ ਲਈ ਹੈ, ਤੇ ਇਹ ਚੰਗੀ ਸ਼ੈ ਮਾਂ ਦਾ ਮੂੰਹ ਨਰੋਇਆ ਕਰ ਦਏਗੀ, ਤੇ ਫੇਰ ਨਾ ਉਹਦਾ ਮੂੰਹ ਚੁੰਮ ਸਕਿਆ ਕਰੇਗੀ। ਉਹਨੇ ਆਪਣੀ ਮਾਂ ਦੇ ਕਪੜਿਆਂ ਉਤੇ ਇਹੋ ਜਿਹੇ ਸੁਹਣੇ ਫੁੱਲ ਕਦੇ ਨਹੀਂ ਸਨ ਤੱਕੇ ਜਿਹੋ ਜਿਹੇ ਚਾਚੀ ਦੇ ਕਪੜਿਆਂ ਤੇ ਸਨ (ਤੇ ਚਾਚੀ ਸਵੇਰ ਤੋਂ ਪਿਛੋਂ ਵੱਖ ਤਰ੍ਹਾਂ ਦੇ ਫੁਲਾਂ ਵਾਲੇ ਵੇਸ ਦੋ ਵਾਰ ਵਟਾਅ ਚੁੱਕੀ ਸੀ), ਪਰ ਜੀਤਾ ਹੀ ਜਾਣਦਾ ਸੀ ਕਿ ਉਹਦੀ ਮਾਂ ਦੇ ਬੀਮਾਰ ਮੂੰਹ ਉਤੇ ਵੀ ਇਨ੍ਹਾਂ ਵੰਨ-ਸੁਵੰਨੇ ਫੁਲਾਂ ਨਾਲੋਂ ਕਿਤੇ ਵਧ ਸੁਹਣੇ ਫੁੱਲ ਟਹਿਕਦੇ ਰਹਿੰਦੇ ਸਨ, ਤੇ ਹੁਣ ਜਦੋਂ ਮਾਂ ਦਾ ਮੂੰਹ ਨਰੋਇਆ ਹੋ ਜਾਏਗਾ (ਮਾਂ ਦਾ ਮੂੰਹ ਬੀਮਾਰ ਹੋਇਆਂ ਏਨੇ ਵਰ੍ਹੇ ਹੋ ਗਏ ਸਨ ਕਿ ਜੀਤੇ ਨੂੰ ਉਹਦੇ ਨਰੋਏ ਮੂੰਹ ਦਾ ਚੇਤਾ ਵੀ ਨਹੀਂ ਸੀ ਰਿਹਾ ਜਾਪਦਾ!) ਤਾਂ ਕਹੇ ਅਲੋਕਾਰ ਫੁੱਲ ਮਾਂ ਦੇ ਮੁਖੜੇ ਉੱਤੇ ਖਿੜ ਪੈਣਗੇ!- ਪਰ ਉਹ 'ਮਰੀਜ਼' ਕੀ ਹੁੰਦੇ ਨੇ, ਜਿਹੜੇ ਚਾਚੀ ਨੇ ਕਿਹਾ ਸੀ ਮਰ ਜਾਂਦੇ ਨੇਤੇ ਸੋਮਾਂ ਭੈਣ ਦਾ ਮੂੰਹ ਪੀਲਾ ਪੈ ਗਿਆ ਸੀ? ਮਾਂ ਤੇ... ਜੀਤੇ ਨੂੰ ਫੇਰ ਉਹੀ ਕਾਲਾ ਜਿਹਾ ਪਰਛਾਵਾਂ ਦਿਸਿਆ, ਪਰਛਾਵਾਂ ਜਿਹੋ ਜਿਹਾ ਡਰੌਣੀਆਂ ਕਹਾਣੀਆਂ ਵਿਚ ਹੀ ਹੁੰਦਾ ਹੈ...

ਉਹਨੇ ਸੋਮਾਂ ਦਾ ਹੱਥ ਘੁੱਟ ਕੇ ਫੜ ਲਿਆ- ਏਥੇ ਸੋਮਾਂ ਭੈਣ ਹੀ ਤਾਂ ਦੇ ਥਾਂ ਸੀ।

ਬਾਹਰੋਂ ਕਿਤੋਂ ਕਾਕਾ ਜੀ ਅੰਦਰ ਆ ਗਿਆ। ਉਹਦੇ ਨਾਲ ਉਹਦਾ ਇਕ ਬੇਲੀ ਸੀ. ਚਾਚੀ ਜੀ ਨੇ ਦੋਵ੍ਹਾਂ ਨੂੰ ਬੜਾ ਲਾਡ ਕੀਤਾ। ਫੇਰ ਕਾਕਾ ਜੀ ਤੇ ਉਹਦਾ ਬੇਲੀ ਬਾਹਰ ਬਰਾਂਡੇ ਵਿਚ ਖੇਡਣ ਚਲੇ ਗਏ। ਕਾਕਾ ਜੀ ਨੇ ਸਭ ਬਾਜੀਆਂ ਆਪਣੇ

ਬੇਲੀ ਸਾਹਮਣੇ ਢੇਰ ਕਰ ਦਿੱਤੀਆਂ (ਉਹੀ ਸਭ ਬਾਜੀਆਂ ਜਿਨ੍ਹਾਂ ਨੂੰ ਜੀਤਾ ਹੱਥ ਵੀ ਨਹੀਂ ਸੀ ਲਾ ਸਕਿਆ)।

ਜੀਤਾ ਵੀ ਬਰਾਂਡੇ ਵਿਚ ਚਲਾ ਗਿਆ. ਜੀਤਾ ਕੁਝ ਵਿਥ ਤੋਂ ਆਪਣੇ ਹਾਣ ਦੇ ਦੋਵਾਂ ਮੁੰਡਿਆਂ ਵਲ ਤਕਦਾ ਰਿਹਾ. ਜੀਤੇ ਦੇ ਚਿਤ ਵਿਚ ਲੂਹਰੀਆਂ ਉਠ ਰਹੀਆਂ ਸਨ- ਕਦੇ ਉਹ ਵੀ ਓਸ ਤਿੰਨਾਂ ਪਹੀਇਆਂ ਵਾਲੇ ਨਿਕੇ ਜਿਹੇ ਆਪਣੇ ਮੇਚ ਦੇ ਸੈਕਲ ਉਤੇ ਬਿੰਦ ਕੁ ਹੂਟਾ ਲੈ ਸਕੇ! ਤੇ ਜਦੋਂ ਉਹ ਦੋਵੇਂ ਯਾਰ ਡੱਬੇ ਵਿਚ ਨੀਝ ਲਾ ਕੇ ਮੂਰਤਾਂ ਵੇਖਦੇ ਤਾਂ ਜੀਤਾ ਉਨ੍ਹਾਂ ਦੇ ਮੂੰਹਾਂ ਉਤਲੀ ਪਲੋ ਪਲ ਵਧਦੀ ਖੁਸ਼ੀ ਤਕ ਤਕ ਕੇ ਲਲਚਦਾ ਜਾਂਦਾ ਸੀ. ਉਹਦੀ ਸੋਚ ਅਤਾ ਪਤਾ ਪਈ ਲਭਦੀ ਸੀ: ਏਸ ਡੱਬੇ ਵਿਚ ਕੀ ਸੀ...ਰਾਣੀਆਂ ਸਨ! ਪਰੀਆਂ ਸਨ! ਸੁਰਗਾਂ ਦੇ ਬਾਗ ਸਨ! ਮਾਂ ਦਾ ਨਰੋਇਆ ਮੁਖੜਾ ਸੀ!

"ਯੇਹ ਲੜਕਾ ਕੌਨ ਹੈ?"

ਕਾਕਾ ਜੀ ਨੇ ਆਪਣੇ ਯਾਰ ਨੂੰ ਕੁਝ ਝਕ ਕੇ ਜੁਆਬ ਦਿੱਤਾ, "ਯੇ ਚਚਾ ਕਾ...ਨੌਕਰ ਹੈ।"

"ਯੇਹ ਇਸ ਤਰ੍ਹਾ ਕਿਉਂ ਖੜਾ ਹੈ?"

"ਇਸ ਕੀ ਮਾਂ ਹਸਪਤਾਲ ਮੇਂ ਹੈ। ਮਾਮਾ ਬੋਲਤੀ ਥੀ ਵੁਹ ਮਰ ਜਾਏਗੀ।

ਜੀਤਾ ਇਕਦਮ ਡਡਿਆ ਪਿਆ।

"ਇਸ ਕੋ ਕਿਆ ਹੂਆ?"

"ਕੁਛ ਪਗਲਾ ਭੀ ਹੈ।"

ਕੁਰਲਾਂਦਾ ਜੀਤਾ ਭੱਜ ਕੇ ਅੰਦਰ ਆਪਣੀ ਭੈਣ ਸੋਮਾਂ ਨਾਲ ਜਾ ਚੰਬੜਿਆ।

ਚਾਚੀ ਫ਼ਿਕਰ ਨਾਲ ਦੌੜ ਕੇ ਬਾਹਰ ਕਾਕਾ ਜੀ ਨੂੰ ਤੱਕਣ ਗਈ। ਓਥੇ ਕਾਕਾ ਜੀ ਤੇ ਉਹਦਾ ਯਾਰ ਖਿੜ ਖਿੜ ਹਸ ਰਹੇ ਸਨ।

ਚਾਚੀ ਤਸੱਲੀ ਨਾਲ ਅੰਦਰ ਆਈ, ਪਰ ਬੜੇ ਰੋਹ ਵਿਚ ਜੀਤੇ ਨੂੰ ਕਹਿਣ ਲਗੀ, " ਗਵਾਰ ਨਾ ਹੋਵੇ ਤਾਂ. ਤੂੰ ਤੇ ਮੇਰਾ ਤ੍ਰਾਹ ਹੀ ਕਢ ਦਿਤਾ!

ਮੈਂ ਸੋਚਿਆ ਕਿਤੇ ਕਾਕਾ ਜੀ ਨੂੰ ਕੁਝ ਹੋ ਨਾ ਗਿਆ ਹੋਏ।"

ਤੇ ਫਿਰ ਕੁਝ ਚਿਰ ਪਿਛੋਂ, "ਕੀ ਫੱਟ ਪਿਆ ਈ ਕਿ ਇੰਝ ਰੋਈ ਜਾਨਾਂ ਏਂ. ਕੁਝ ਮੂੰਹੋਂ ਬਿਰਕੇਂ ਵੀ!"

ਪਰ ਜੀਤਾ ਆਪਣੀ ਭੈਣ ਨੂੰ ਚੰਬੜ ਕੇ ਬਸ ਰੋਈ ਗਿਆ,

...ਰੋਣ ਸੀ ਕਿ ਜਿਵੇਂ ਕੋਈ ਕੜ ਪਾਟ ਪਿਆ ਹੋਵੇ। ਰਾਤੀਂ ਜਾ ਕੇ ਕਿਤੇ ਜੀਤੇ ਨੇ ਆਪਣੀ ਭੈਣ ਨੂੰ ਉਹ ਸਭ ਕੁਝ ਦੱਸਿਆ ਜੋ ਕਾਕੇ ਨੇ ਆਪਣੇ ਯਾਰ ਨੂੰ ਕਿਹਾ ਸੀ।

ਭੈਣ ਤੇ ਭਰਾ ਇਕੋ ਮੰਜੀ ਉੱਤੇ ਲੇਟੇ ਹੋਏ ਸਨ. ਉਨ੍ਹਾਂ ਦੋਵਾਂ ਲਈ ਇਕ ਮੰਜੀ ਚਾਚੀ ਨੇ ਆਪਣੇ ਟੱਬਰ ਦੀਆਂ ਮੰਜੀਆਂ ਤੋਂ ਦੂਰ ਇੱਥੇ ਘਾਅ ਉਤੇ ਡੁਹਾਈ ਸੀ।

ਜੀਤੇ ਨੇ ਜੋ ਦਸਿਆ ਉਹ ਸੁਣ ਕੇ ਸੋਮਾਂ ਕੰਬ ਗਈ। ਸੋਮਾਂ ਦੇ ਹੰਝੂ ਆਪਣੇ ਵੀਰ ਦੇ ਵਾਲਾਂ ਵਿਚ ਡੁਲ੍ਹਦ ਰਹੇ। ਫੇਰ ਸੋਮਾਂ ਨੇ ਆਪਣੇ ਆਪ ਨੂੰ ਝੰਜੋੜਿਆ- ਮੈਂ ਹੀ ਤਾਂ ਇਹਦੇ ਲਈ ਮਾਂ ਦੀ ਥਾਂ ਹਾਂ!

"ਨਾ ਵੀਰ ਮੇਰੇ, ਉਹ ਸਭ ਝੂਠ ਬੋਲਦਾ ਏ. ਜਿੱਡਾ ਇਹ ਝੂਠ ਏ ਕਿ ਤੂੰ ਉਹਦੇ ਚਾਚੇ ਦਾ ਨੌਕਰ ਏਂ,ਓਡਾ ਈ ਝੂਠ ਏ ਕਿ ਸਾਡੀ ਮਾਂ..." ਤੇ ਸੋਮਾਂ ਨੇ ਆਪਣੇ ਵੀਰ ਨੂੰ ਜੱਫੀ ਵਿਚ ਘੁੱਟ ਲਿਆ। ਵੀਰ ਦੇ ਸਰੀਰ ਵਿਚ ਦਬੀਆਂ ਸਿਸਕੀਆਂ ਭੈਣ ਦੇ ਸਰੀਰ ਵਿਚ ਸਿਸਕਣ ਲੱਗ ਪਈਆਂ।

ਕੁਝ ਚਿਰ ਪਿਛੋਂ ਅਡੋਲ ਹੋ ਕੇ ਸੋਮਾਂ ਨੇ ਕਿਹਾ, "ਕੱਲ੍ਹ ਬੁਧਵਾਰ ਏ, ਮੈਂ ਵੀਰ ਤੈਨੂੰ ਕੱਲ੍ਹ ਰੱਖੜੀ ਬੰਨ੍ਹਾਂਗੀ।"

"ਭੈਣ, ਚਾਚੀ ਦੇ ਪੁੱਤ ਨੂੰ ਵੀ ਤੂੰ ਰੱਖੜੀ ਬੰਨ੍ਹੇਂਗੀ?"

"ਨਹੀਂ, ਉਸ ਨੂੰ ਤਾਂ ਮੈਂ ਕਦੇ ਵੀ ਨਹੀਂ ਬੰਨ੍ਹਾਂਗੀ।"

"ਜੇ ਚਾਚੀ ਜ਼ੋਰ ਵੀ ਲਾਏ, ਤਾਂ ਵੀ ਨਹੀਂ?"

"ਨਹੀਂ, ਉੱਕਾ ਨਹੀਂ, ਮੇਰੇ ਵੀਰ!"

"ਸਹੁੰ ਖਾਹ ਖਾਂ!"

"ਮੈਨੂੰ ਆਪਣੇ ਵੀਰ ਦੀ ਸਹੁੰ!"

ਤੇ ਹੁਣ ਜੀਤੇ ਨੇ ਪੂਰੇ ਭਰੋਸੇ ਨਾਲ ਸੋਮਾਂ ਨੂੰ ਘੁੱਟ ਲਿਆ- ਸੌ ਬਾਜੀਆਂ ਪਈਆਂ ਹੋਣ ਓਸ ਕਾਕਾ ਜੀ ਕੋਲ, ਪਰ ਉਹਦੀ ਕੋਈ ਭੈਣ ਤਾਂ ਨਹੀਂ ਸੀ!

ਉਹਨੂੰ ਰੱਖੜੀ ਕੌਣ ਬੰਨ੍ਹੇਂਗਾ?

"ਵੀਰ, ਹੁਣ ਇਕ ਵਾਰੀ ਹਸਦਾ ਮੁਖੜਾ ਵਿਖਾਲ!

ਰੋਣੀ ਸੂਰਤ ਨਾਲ ਸੰਵੀਏਂ, ਤਾਂ ਮਾਂ ਕਹਿੰਦੀ ਹੁੰਦੀ ਏ,

'ਰਾਤ ਰੁੱਸ ਜਾਂਦੀ ਏ'।"

ਵੀਰ ਮੁਸਕਰਾ ਪਿਆ।

ਭੈਣ ਮੁਸਕਰਾ ਪਈ।

ਉਨ੍ਹਾਂ ਦੀ ਮੰਜੀ ਦੇ ਨੇੜੇ ਮਹਿਕਦੇ ਫੁੱਲ ਸਨ।

ਜੀਤਾ ਆਪਣੀ ਭੈਣ ਦੀ ਜੱਫੀ ਵਿਚ ਫੁੱਲਾਂ ਦੀ ਮਹਿਕ ਤੇ ਭੈਣ ਦੀ ਮਹਿਕ ਵਿਚ ਵੇਰਵਾ ਨਹੀਂ ਸੀ ਕਰ ਸਕਦਾ ਪਿਆ।

(1957)

# ਮੁੰਡੂ ਤੇ ਟਾਮੀ

ਮੁੰਡੂ ਬੜਾ ਖੁਸ਼ ਸੀ-ਉਹਦੇ ਮਾਲਕਾਂ ਦੇ ਸਾਰੇ ਟਬਰ ਨੇ ਗਰਮੀਆਂ ਬਿਤਾਣ ਲਈ ਸ਼ਿਮਲੇ ਜਾਣਾ ਸੀ। ਮੁੰਡੂ ਦਾ ਪਿੰਡ ਸ਼ਿਮਲੇ ਤੋਂ ਪੰਜ ਕੁ ਮੀਲਾਂ ਤੇ ਸੀ। ਕਿੰਨੇ ਹੀ ਵਰ੍ਹੇ ਹੋਏ, ਉਹ ਆਪਣੇ ਪਿੰਡੋਂ ਕਿਸੇ ਚਾਚੇ ਨਾਲ ਥਲੇ ਨਿਕਲ ਆਇਆ ਸੀ। ਘਰ ਉਹਨੂੰ ਰਜ ਕੇ ਰੋਟੀ ਨਹੀਂ ਸੀ ਮਿਲਦੀ। ਉਹਦੇ ਘਰ ਦੇ ਬੜੇ ਗਰੀਬ ਸਨ। ਤੇ ਏਥੇ ਅੰਮ੍ਰਿਤਸਰ ਦੇ ਸ਼ਹਿਰ ਵਿਚ ਉਹਨੂੰ ਅਖ਼ੀਰ ਨੌਕਰੀ ਮਿਲ ਗਈ-ਭਾਂਡੇ ਮਾਂਜਣ, ਕਪੜੇ ਧੋਣ ਤੇ ਮਾਲਕਾਂ ਦਾ ਲਾਡਲਾ ਕੁਤਾ ਖਿਡਾਣ ਦੀ ਨੌਕਰੀ। ਅਠ ਰੁਪਏ ਤਨਖਾਹ ਮਿਲ ਜਾਂਦੀ ਸੀ, ਜਿਹੜੀ ਓਹ ਘਰ ਭੇਜ ਛਡਦਾ ਤੇ ਰੋਟੀ ਕਪੜਾ ਵੀ ਮਾਲਕ ਦੇ ਦੇਂਦੇ ਸਨ।

ਤਿੰਨ ਵਰ੍ਹੇ ਓਹਨੂੰ ਘਰੋਂ ਆਇਆਂ ਹੋ ਗਏ ਸਨ। ਹੁਣ ਤੇ ਜਾਗਦਿਆਂ ਓਹ ਓਹਨਾਂ ਪਹਾੜਾਂ ਦੀ ਮੂਰਤ ਵੀ ਆਪਣੇ ਚੇਤੇ ਵਿਚ ਨਹੀਂ ਸੀ ਤਕ ਸਕਦਾ, ਜਿਥੇ ਓਹ ਬਚਪਨ ਵਿਚ ਖੇਡਦਾ ਰਿਹਾ ਸੀ, ਬਕਰੀਆਂ ਚਰਾਂਦਾ ਰਿਹਾ ਸੀ, ਬੂਟਿਆਂ ਨਾਲੋਂ ਜੰਗਲੀ ਫਲ ਤੋੜ ਕੇ ਖਾਂਦਾ ਰਿਹਾ ਸੀ, ਵਾਗੀਆਂ ਦੀ ਬੰਸਰੀ ਸੁਣਦਾ ਰਿਹਾ ਸੀ, ਪਹਾੜ-ਜਿਨ੍ਹਾਂ ਉਤੇ ਬਦਲ ਤਿਲਕਦੇ ਖਹਿਰਦੇ ਖੇਡਦੇ ਰਹਿੰਦੇ ਸਨ ਪਹਾੜ-ਜਿਨ੍ਹਾਂ ਤੇ ਦਿਓਆਂ ਨਾਲੋਂ ਵੀ ਉਚੀਆਂ ਚੀਲਾਂ ਦੇ ਦਰਖ਼ਤ ਸਨ ਤੇ ਦਿਓਦਾਰ ਸਨ।

ਕਦੀ ਕਦੀ ਰਾਤਾਂ ਨੂੰ ਸੁਫਨਿਆਂ ਵਿਚ ਉਹਨੂੰ ਇਹ ਸਭ ਕੁਝ ਦਿਖਾਈ ਦੇਂਦਾ-ਓਹ ਫੇਰ ਇਕ ਵਾਰੀ ਏਸ ਆਲੇ ਦੁਆਲੇ ਵਿਚ ਬੇ-ਫਿਕਰ ਬਾਲ-ਪਬਾਂ ਨਾਲ ਦੌੜਨ ਲਗਦਾ-ਪਰ ਅਚਾਨਕ ਮਾਲਕਾਂ ਦਾ ਕੁਤਾ ਟਾਮੀ ਭੌਂਕਣ ਲਗ ਪੈਂਦਾ ਜਾਂ ਮਾਲਕਾਣੀ ਓਹਨੂੰ ਬਾਜ਼ਾਰੋਂ ਸਤੀਂ ਸਵੇਰੀਂ ਦੁਧ ਲਿਆਣ ਲਈ ਉਠਾ ਦੇਂਦੀ, ਜਾਂ ਕੁਝ ਹੋਰ ਏਸ ਤਰ੍ਹਾਂ ਦੀ ਗਲ ਹੋ ਜਾਂਦੀ, ਤੇ ਓਹ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਅਭੜਵਾਹੇ ਜਾਗ ਪੈਂਦਾ। ਅਜਿਹੇ ਵੇਲੇ ਮੁੰਡੂ ਨੂੰ ਅੰਮ੍ਰਿਤਸਰ ਤੋਂ, ਟਾਮੀ ਤੋਂ, ਮਾਲਕਾਂ ਦੇ ਉਸ ਪੁਤਰ ਤੋਂ-ਜਿਨ੍ਹੇ ਸਕੂਲ ਜਾਣਾ ਸੀ ਤੇ ਦੁਧ ਲਿਆਣ ਲਈ ਓਹਨੂੰ ਜਗਾਇਆ ਗਿਆ ਸੀ-ਬੜੀ ਨਫ਼ਰਤ ਹੋ ਜਾਂਦੀ।

ਪਰ ਅਜ-ਕਲ ਭਾਵੇਂ ਮਾਲਕ ਕਿੰਨਾ ਵੀ ਝਿੜਕਦੇ ਸਵੇਲੇ ਕੁਵੇਲੇ ਜਗਾ ਦੇਦੇ, ਭਾਵੇਂ ਟਾਮੀ ਕਿੰਨਾ ਹੀ ਭੌਂਕਦਾ, ਮੁੰਡੂ ਨੂੰ ਕਦੇ ਬਹੁਤੀ ਚਿੜ ਨਾ ਹੁੰਦੀ। ਮਾਲਕਾਣੀ ਵੀ ਉਹਦੇ ਮਾਂਜੇ ਭਾਂਡਿਆਂ ਦੀ ਪਹਿਲੀ ਵਾਰ ਤਰੀਫ਼ ਕਰਨ ਲਗ ਪਈ ਸੀ । ਹੁਣ ਕਦੇ ਉਹਦੇ ਕੋਲੋਂ ਚੀਜ਼ਾਂ ਵੀ ਨਾ ਟੁਟਦੀਆਂ। ਜਦੋਂ ਤੋਂ ਮੁੰਡੂ ਏਥੇ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਰਹਿਣ ਲਗਾ ਸੀ, ਓਦੋਂ ਤੋਂ ਪਹਿਲੀ ਵਾਰ ਅਜ ਉਹ ਅੰਤਾਂ ਦੀ ਖੁਸ਼ੀ ਮਹਿਸੂਸ ਕਰ ਰਿਹਾ ਸੀ, ਇਕ ਬਹੁ ਰੰਗੀ ਗੁਡੀ ਵਾਂਗ ਖ਼ੁਸ਼ੀਆਂ ਦੇ ਅਸਮਾਨਾਂ ਵਿਚ ਉਡ ਰਿਹਾ ਸੀ। ਉਹਦੇ ਮਾਲਕ ਸ਼ਿਮਲੇ ਜਾ ਰਹੇ ਸਨ, ਉਹਨੂੰ ਵੀ ਨਾਲ ਲੈ ਜਾਣਗੇ । ਤੇ ਉਥੋਂ ਉਹ ਆਪਣੇ ਘਰ ਕੁਝ ਦਿਨਾਂ ਲਈ ਚਲਿਆ ਜਾਏਗਾ, ਆਪਣੀ ਬੁੱਢੀ ਮਾਂ ਕੋਲ, ਨਿਕੀ ਜਿਹੀ ਭੈਣ ਕੋਲ - ਜਿਹੜੀ ਹੁਣ ਬੋਲਣ ਲਗ ਪਈ ਹੋਵੇਗੀ, ਆਪਣੇ ਵੱਡੇ ਭਰਾ ਕੋਲ ਜਿਹੜਾ ਹੁਣ ਉਹਨੂੰ ਕਦੇ ਮਾਰਨ ਨਹੀਂ ਲਗਾ-ਉਹਨਾਂ ਪਹਾੜਾਂ ਕੋਲ, ਤੇ ਚੀਲਾਂ ਦਿਓਦਾਰਾਂ ਕੋਲ, ਬੰਸਰੀਆਂ ਤੇ ਬਕਰੀਆਂ ਕੋਲ......

ਉਹ ਰੋਜ ਜਾਣ ਦੇ ਦਿਨ ਗਿਣਦਾ ਰਹਿੰਦਾ । ਮਾਲਕਾਂ ਦੇ ਛੋਟੇ ਮੁੰਡੇ ਲਾਲ ਨੂੰ ਰੋਜ਼ ਪੁਛ ਛਡਦਾ ਕਿ ਉਹਦਾ ਸਕੂਲ ਕਦੋਂ ਬੰਦ ਹੋਣਾ ਹੈ, ਕਿਉਂਕਿ ਘਰ ਵਿਚ ਸਾਰੇ ਉਹਦੀਆਂ ਛੁੱਟੀਆਂ ਨੂੰ ਹੀ ਉਡੀਕ ਰਹੇ ਸਨ।

ਜਿਸ ਕੁਆਟਰ ਵਿਚ ਉਹ ਹੋਰ ਨੌਕਰਾਂ ਨਾਲ ਰਹਿੰਦਾ ਸੀ, ਉਹ ਦੀ ਕੰਧ ਤੇ ਉਹਨੇ ਸਤ ਲਕੀਰਾਂ ਉਕਰ ਛਡੀਆਂ ਸਨ, ਸਤ ਦਿਨ ਜਾਣ ਵਿਚ ਰਹਿੰਦੇ ਸਨ । ਤੇ ਉਹ ਹਰ ਦਿਨ ਦੇ ਬੀਤਨ ਨੂੰ ਬੜੀ ਤਾਂਘ ਨਾਲ ਉਡੀਕਦਾ ਰਹਿੰਦਾ, ਤੇ ਰਾਤ ਨੂੰ ਜਦੋਂ ਭਾਂਡੇ ਮਾਂਜ ਕੇ ਕੁਤੇ ਨੂੰ ਦੁਧ ਪਿਆ ਕੇ ਉਹ ਸੌਣ ਜਾਂਦਾ ਤਾਂ ਮਿਟੀ ਦਾ ਦੀਵਾ ਬਾਲ ਕੇ ਆਪਣੇ ਕੁਆਟਰ ਦੀ ਕੰਧ ਤੋਂ ਇਕ ਲਕੀਰ ਮਿਟਾ ਛਡਦਾ ।

ਇਕ ਦਿਨ ਸੌਣ ਲਗਿਆਂ ਉਹਨੂੰ ਖ਼ਿਆਲ ਆਇਆ, ਉਹਨੇ ਦੁਧ ਕਿੰਨੇ ਹੀ ਮਹੀਨੇ ਹੋ ਗਏ ਸਨ ਨਹੀਂ ਸੀ ਪੀਤਾ। ਇਕ ਵਾਰ ਦੁਧ ਧੁਆਂਖ ਗਿਆ ਸੀ ਤੇ ਮਾਲਕਾਣੀ ਨੇ ਉਹਨੂੰ ਇਕ ਗਲਾਸ ਦਿਤਾ ਸੀ । ਏਸ ਕਸੈਲੇ ਜਹੇ ਦੁਧ ਦਾ ਸੁਆਦ ਉਹਨੂੰ ਯਾਦ ਸੀ, ਪਰ ਨਰੋਏ ਠੀਕ ਦੁਧ ਦਾ ਸੁਆਦ ਉਹਨੂੰ ਵਿਸਰ ਗਿਆ ਸੀ-ਤੇ ਉਹ ਰੋਜ਼ ਸਵੇਰੇ ਦੁਧ ਬਜ਼ਾਰੋਂ ਲੈਣ ਜਾਂਦਾ ਸੀ...... ਤੇ ਫੇਰ ਉਹਨੂੰ

ਆਪਣਾ ਪਿੰਡ ਯਾਦ ਆ ਗਿਆ, ਇਕ ਵਾਰ ਉਹਦੇ ਬੇਲੀਆਂ ਰਲ ਕੇ ਵਾਗੀ ਤੋਂ ਲੁਕ ਕੇ ਬਕਰੀਆਂ ਦੀਆਂ ਧਾਰਾਂ ਲਈਆਂ ਸਨ। ਭਾਵੇਂ ਏਨੇ ਵਰ੍ਹੇ ਹੋ ਗਏ ਸਨ... ਪਰ ਇਹ ਸਭ ਉਹਨੂੰ ਯਾਦ ਸੀ, ਤੇ ਹੁਣ ਵੀ ਉਹਦਾ ਸੰਘ ਮਿਠਲੂਣਾ ਤੇ ਝਗੋ ਝਗ ਹੋ ਗਿਆ ਜਾਪਿਆ ਤੇ ਸੁਆਦਲੀ ਜਿਹੀ ਜਲੂਣ ਓਹਨੂੰ ਹੋਈ। ਤੇ ਉਹਨੇ ਇਕ ਵਾਰ ਫੇਰ ਮਿਟੀ ਦਾ ਦੀਵਾ ਬਾਲ ਕੇ ਤਕਿਆ ਕਿ ਕੰਧ ਤੇ ਕਿੰਨੀਆਂ ਲੀਕਾਂ, ਰਹਿ ਗਈਆਂ ਸਨ, ਓਹਨੂੰ ਪੰਜ ਲੀਕਾਂ ਦਿਸੀਆਂ, ਕਿਸੇ ਭੂਤ ਦੀਆਂ ਉਂਗਲਾਂ ਵਾਂਗ... ਤੇ ਜਦੋਂ ਇਹ ਪੰਜ ਲੀਕਾਂ ਮਿਟ ਜਾਣਗੀਆਂ ! ਉਸ ਦਿਨ ਦਾ ਖ਼ਿਆਲ ਉਹਦੇ ਦਿਲ ਵਿਚ ਅੰਤਾਂ ਦੀ ਖ਼ੁਸ਼ੀ ਛੇੜ ਗਿਆ, ਤੇ ਉਹਨੂੰ ਆਪਣੇ ਕੁਆਟਰ ਦੀ ਢਲਵਾਨ ਵਿਚ ਪਹਾੜਾਂ ਦੀ ਪੌਣ ਰੁਮਕ ਪਈ ਜਾਪੀ ਤੇ ਬੰਸਰੀ ਸੁਣਨ ਲਗ ਪਈ, ਤੇ ਉਹ ਸੁਖੀ ਸੁਖੀ ਸੌਂ ਗਿਆ......।

ਅਖ਼ੀਰ ਮੁੰਡੂ ਦੇ ਕੁਆਰਟਰ ਦੀ ਕੰਧ ਤੋਂ ਭੂਤ ਦੀਆਂ ਉਂਗਲਾਂ ਵਰਗੀਆਂ ਪੰਜ ਲਕੀਰਾਂ ਇਕ ਇਕ ਕਰਕੇ ਮਿਟ ਗਈਆਂ। ਲਾਲੀ ਦੇ ਸਕੂਲ ਦੇ ਬੰਦ ਹੋਣ ਦਾ ਦਿਨ ਆ ਗਿਆ। ਸਾਰਾ ਸਾਮਾਨ ਬਝ ਗਿਆ, ਬਿਸਤਰੇ ਤੇ ਟਰੰਕ ਤੇ ਟੋਕਰੀਆਂ। ਕਮਰਿਆਂ ਦੇ ਬੂਹਿਆਂ ਨੂੰ ਜੰਦਰੇ ਵਜਣ ਲਗ ਪਏ। ਸ਼ਿਮਲੇ ਜਾਣ ਵਾਲੀ ਗਡੀ ਦਾ ਵਕਤ ਟਾਇਮ ਟੇਬਲ ਵਿਚੋਂ ਤਕ ਲਿਆ ਗਿਆ। ਦੋ ਟਾਂਗੇ ਬੁਲਾਏ, ਇਕ ਸਮਾਨ ਲਈ ਤੇ ਇਕ ਸਾਰੇ ਟੱਬਰ ਲਈ। ਇਸ ਸਾਰੀ ਤਿਆਰੀ ਵਿਚ ਮੁੰਡੂ ਬੜਾ ਚਾਈਂ ਚਾਈਂ ਰੁਝਿਆ ਰਿਹਾ। ਜਦੋਂ ਘਰ ਦੇ ਬਾਹਰ ਟਾਂਗੇ ਵਾਲਿਆਂ ਨੇ ਆਕੇ ਆਪਣੀ ਟਲੀ ਵਜਾਈ ਓਦੋਂ ਮੁੰਡੂ ਕੋਈ ਪਹਾੜੀ ਗੀਤ ਗੁਣਗੁਣਾ ਰਿਹਾ ਸੀ।

ਸਾਮਾਨ ਵਾਲਾ ਟਾਂਗਾ ਲਦ ਦਿਤਾ ਗਿਆ। ਮੁੰਡੂ ਨੇ ਟਾਂਗਾ ਲਦਿਆ ਆਪਣੇ ਬਹਿਣ ਲਈ ਸੋਚੀ ਥਾਂ ਤੇ ਇਕ ਨਿਕਾ ਸੂਟਕੇਸ ਰਖ ਲਿਆ ਤੇ ਸੋਚਿਆ, ਬਹਿਣ ਵੇਲੇ ਇਸ ਨੂੰ ਪਟਾਂ ਤੇ ਰਖ ਲਏਗਾ।

'ਵਹੂੰ-ਵਹੂੰ' ਟਾਮੀ ਇਕ-ਦਮ ਬਹੁਤ ਭੌਂਕਣ ਲਗ ਪਿਆ। ਮੁੰਡੇ ਨੇ ਓਹਨੂੰ ਅਗੇ ਨਾਲੋਂ ਵਧ ਦੁਧ ਦੇ ਕੇ ਚੁਪ ਕਰਾਣਾ ਚਾਹਿਆ, ਪਰ ਓਹ ਅਜ ਨ ਮੰਨਿਆ, ਤੇ ਹੋਰ ਉਚਿਆਂ ਭੌਂਕਦਾ ਰਿਹਾ।

ਦੂਜੇ ਟਾਂਗੇ ਵਿਚ ਲਾਲੀ ਬਹਿ ਗਿਆ, ਬੀਬੀ ਜੀ ਬਹਿ ਗਏ......ਵੱਡਾ ਕਾਕਾ ਬਹਿ ਗਿਆ, ਤੇ ਮੁੰਡੂ ਦਾ ਮਾਲਕ ਬਹਿਣ ਲਗਾ......ਅਚਾਨਕ ਓਹਨੂੰ ਕੁਝ ਯਾਦ ਆ ਗਿਆ, ਓਹਨੇ ਮੁੰਡੂ ਨੂੰ ਬੁਲਾ ਕੇ ਕਿਹਾ, "ਪਹਿਲੋਂ ਸਾਡਾ ਖਿਆਲ ਸੀ, ਟਾਮੀ ਨੂੰ ਵੀ ਨਾਲ ਲੈ ਚਲੀਏ-ਪਰ ਹੁਣ ਇਹ ਸਲਾਹ ਅਸਾਂ ਛਡ ਦਿਤੀ ਏ। ਅਹਿ ਲੈ ਪੰਜ ਰੁਪੈ ਆਪਣੇ ਖਰਚ ਲਈ-ਤੇ ਰੋਟੀ ਨਾਲ ਦੀ ਬੀਬੀ ਕੋਲੋਂ ਖਾ ਲਿਆ ਕਰੀਂ, ਤੇ ਹਲਵਾਈ ਕੋਲੋਂ ਦੋਵੇਂ ਵੇਲੇ ਟਾਮੀ ਲਈ ਦੁਧ ਲੈਕੇ ਇਹਨੂੰ ਪਿਲਾ ਦਿਆ ਕਰੀਂ -ਅਸੀਂ ਹਲਵਾਈ ਤੇ ਨਾਲ ਦੀ ਬੀਬੀ ਨੂੰ ਕਹਿ ਛਾਡਿਆ ਏ।"

ਤੁਰਦੇ ਟਾਂਗੇ ਵਿਚੋਂ ਬੀਬੀ ਮੁੰਡੂ ਨੂੰ ਕਹਿ ਰਹੀ ਸੀ, ''ਬਾਹਰਲੇ ਬੂਹੇ ਦੀ ਚਾਬੀ ਤੇਰੇ ਕੋਲ ਈ ਏ, ਟਾਮੀ ਵਿਚਾਰੇ ਦਾ ਬੜਾ ਖਿਆਲ ਰਖੀਂ, ਕਲਿਆਂ ਕਿਤੇ ਓਦਰਾ ਨਾ ਜਾਏ...... ''

'ਵਹੂੰ ਵਹੂੰ' ਟਾਮੀ ਭੌਂਕੀ ਜਾ ਰਿਹਾ ਸੀ।.........ਤਿੰਨ ਵਰ੍ਹੇ ਹੋਏ ਮੁੰਡੂ, ਆਪਣੇ ਪਹਾੜਾਂ ਕੋਲੋਂ ਚੀਲਾਂ ਤੇ ਦਿਓਦਾਰਾਂ ਕੋਲੋਂ, ਬੰਸਰੀਆਂ ਤੇ ਬਕਰੀਆਂ ਕੋਲੋਂ, ਆਪਣੀ ਬੁੱਢੀ ਮਾਂ ਤੇ ਨਿਕੀ ਭੈਣ ਕੋਲੋਂ-ਜਿਹੜੀ ਹੁਣ ਬੋਲਣ ਲਗ ਪਈ ਹੋਵੇਗੀ ਵਿਛੜ ਕੇ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਨੌਕਰ ਹੋਇਆ ਸੀ। ਹੁਣ ਤੇ ਜਾਗਦਿਆਂ ਉਹ ਓਹਨਾਂ ਪਹਾੜਾਂ ਦੀ ਮੂਰਤ ਵੀ ਆਪਣੇ ਚੇਤੇ ਵਿਚ ਨਹੀਂ ਸੀ ਤਕ ਸਕਦਾ...... 'ਵਹੂੰ ਵਹੂੰ' ਟਾਮੀ ਦੀ ਭੌਂਕ ਹੋਰ ਉਚੀ ਹੋ ਗਈ। ਉਹਦੀ ਬੀਬੀ ਨੇ ਕਿਹਾ ਸੀ, ਵੇਖੀਂ, ਕਿਤੇ ਕਲਿਆਂ ਟਾਮੀ ਓਦਰ ਨਾ ਜਾਏ।